Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 281 | 28/03/2026 | www.samajweekly.com | samajweekly | @samajweekly | samajweekly

# ਟਰੰਪ ਨੇ ਇਰਾਨ ਦੇ ਊਰਜਾ ਪਲਾਂਟਾਂ ’ਤੇ ਹਮਲੇ 6 ਅਪਰੈਲ ਤੱਕ ਰੋਕੇ

**ਦੁਬਈ।** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਇਰਾਨ ਦੇ ਊਰਜਾ ਬੁਨਿਆਦੀ ਢਾਂਚੇ 'ਤੇ ਹਮਲੇ 6 ਅਪਰੈਲ ਤੱਕ ਰੋਕ ਰਹੇ ਹਨ ਅਤੇ ਤਹਿਰਾਨ ਨੂੰ ਹੋਰਮੁਜ਼ ਜਲਮਾਰਗ ਮੁੜ ਖੋਲ੍ਹਣ ਲਈ 10 ਦਿਨ ਦੀ ਮੋਹਲਤ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜੰਗ ਖ਼ਤਮ ਕਰਨ ਲਈ ਗੱਲਬਾਤ ‘ਬਹੁਤ ਵਧੀਆ’ ਚੱਲ ਰਹੀ ਹੈ। ਇਹ ਕਦਮ ਟਰੰਪ ਦੀ ਪਿਛਲੀ ਉਸ ਚਿਤਾਵਨੀ ਤੋਂ ਪਿੱਛੇ ਹਟਣ ਦਾ ਸੰਕੇਤ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਜੇ ਮਹੱਤਵਪੂਰਨ ਸਮੁੰਦਰੀ ਰਸਤਾ ਬੰਦ ਰਿਹਾ ਤਾਂ ਅਮਰੀਕਾ ਇਰਾਨ ਦੇ ਊਰਜਾ ਪਲਾਂਟਾਂ ਨੂੰ ਨਿਸ਼ਾਨਾ ਬਣਾਏਗਾ। ਦੂਜੇ ਪਾਸੇ ਇਰਾਨ ਨੇ ਧਮਕੀ ਦਿੱਤੀ ਹੈ ਕਿ ਜੇ ਅਮਰੀਕਾ ਅਜਿਹੀ ਕਾਰਵਾਈ ਕਰਦਾ ਹੈ, ਤਾਂ ਉਹ ਖੇਤਰੀ ਬੁਨਿਆਦੀ ਢਾਂਚੇ, ਜਿਸ ਵਿੱਚ ਪਾਣੀ ਸਾਫ਼ ਕਰਨ ਵਾਲੇ ਪਲਾਂਟ ਸ਼ਾਮਲ ਹਨ, 'ਤੇ ਜਵਾਬੀ ਹਮਲਾ ਕਰੇਗਾ। ਤਹਿਰਾਨ ਵੱਲੋਂ ਟਰੰਪ ਦੀ 15-ਨੁਕਾਤੀ ਜੰਗਬੰਦੀ ਯੋਜਨਾ ਨੂੰ ਖਾਰਜ ਕੀਤੇ ਜਾਣ ਦੇ ਇੱਕ ਦਿਨ ਬਾਅਦ ਰਾਸ਼ਟਰਪਤੀ ਨੇ ਦਾਅਵਾ ਕੀਤਾ ਕਿ ਇਰਾਨ ਸਮਝੌਤਾ ਕਰਨ ਲਈ ਤਰਲੇ ਪਾ ਰਿਹਾ ਹੈ ਅਤੇ ਉਨ੍ਹਾਂ ਦੇ ਨੇਤਾਵਾਂ ਨੂੰ ਗੱਲਬਾਤ ਲਈ ਜਲਦੀ ਗੰਭੀਰ ਹੋਣ ਦੀ ਅਪੀਲ ਕੀਤੀ। ਟਰੰਪ ਦਾ ਇਹ ਐਲਾਨ ਸੋਸ਼ਲ ਮੀਡੀਆ ਰਾਹੀਂ ਉਸ ਸਮੇਂ ਆਇਆ ਜਦੋਂ ਅਮਰੀਕੀ ਸ਼ੇਅਰ ਬਾਜ਼ਾਰਾਂ ਵਿੱਚ ਭਾਰੀ ਗਿਰਾਵਟ ਦੇਖੀ ਗਈ ਅਤੇ ਤੇਲ ਦੀਆਂ ਕੀਮਤਾਂ ਵਿੱਚ ਉਛਾਲ ਆਇਆ, ਕਿਉਂਕਿ ਵਾਲ ਸਟ੍ਰੀਟ ਵਿੱਚ ਜੰਗ ਦੇ ਖ਼ਤਮ ਹੋਣ ਦੀਆਂ ਉਮੀਦਾਂ ਮੁੜ ਧੁੰਦਲੀਆਂ ਹੁੰਦੀਆਂ ਦਿਖਾਈ ਦਿੱਤੀਆਂ। ਇਸ



ਭਿਆਨਕ ਜੰਗ ਨੇ ਹੁਣ ਤੱਕ ਇਰਾਨ ਵਿੱਚ 1,900 ਤੋਂ ਵੱਧ, ਲਿਬਨਾਨ ਵਿੱਚ ਲਗਪਗ 1,100, ਇਜ਼ਰਾਈਲ ਵਿੱਚ 22 ਅਤੇ ਅਮਰੀਕਾ ਦੇ 13 ਫੌਜੀ ਜਵਾਨਾਂ ਸਮੇਤ ਖਾੜੀ ਖੇਤਰ ਵਿੱਚ ਕਈ ਨਾਗਰਿਕਾਂ ਦੀ ਜਾਨ ਲੈ ਲਈ ਹੈ, ਜਦਕਿ ਲਿਬਨਾਨ ਅਤੇ ਇਰਾਨ ਵਿੱਚ ਲੱਖਾਂ ਲੋਕ ਬੇਘਰ ਹੋ ਚੁੱਕੇ ਹਨ।ਆਰਥਿਕ ਮੋਰਚੇ 'ਤੇ ਸੰਯੁਕਤ ਰਾਸ਼ਟਰ ਅਤੇ ਓ ਈ ਸੀ ਡੀ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਇਹ ਜੰਗ ਲੰਬੀ ਖਿੱਚੀ ਗਈ ਤਾਂ ਇਸ ਨਾਲ ਵਿਸ਼ਵ ਪੱਧਰ 'ਤੇ ਮਹਿੰਗਾਈ ਵਧੇਗੀ; ਅਮਰੀਕਾ ਵਿੱਚ ਮਹਿੰਗਾਈ ਦਰ 4.2 ਫੀਸਦੀ ਤੱਕ ਪਹੁੰਚਣ ਦਾ ਖਦਸ਼ਾ ਹੈ। ਊਰਜਾ ਸੰਕਟ ਦੇ ਮੱਦੇਨਜ਼ਰ ਸਪੇਨ ਵਰਗੇ ਦੇਸ਼ਾਂ ਨੇ ਟੈਕਸਾਂ ਵਿੱਚ ਕਟੌਤੀ ਕੀਤੀ ਹੈ। ਫਰਾਂਸ ਨੇ ਦੱਸਿਆ ਕਿ ਹੋਰਮੁਜ਼ ਜਲਮਾਰਗ ਨੂੰ ਮੁੜ ਖੋਲ੍ਹਣ ਲਈ 35 ਦੇਸ਼ਾਂ ਦੀ ਫੌਜੀ ਗੱਲਬਾਤ ਚੱਲ ਰਹੀ ਹੈ ਤਾਂ ਜੋ ਸਮੁੰਦਰੀ ਆਵਾਜਾਈ ਨੂੰ ਸੁਰੱਖਿਅਤ ਬਣਾਇਆ ਜਾ ਸਕੇ।

## ਸ੍ਰੀਨਗਰ-ਲੇਹ ਨੈਸ਼ਨਲ ਹਾਈਵੇਅ ਉਤੇ ਬਰਫ਼ ਦੇ ਤੋਦੇ ਡਿੱਗਣ ਕਾਰਨ ਸੱਤ ਮੌਤਾਂ, ਪੰਜ ਜ਼ਖਮੀ



**ਸ੍ਰੀਨਗਰ** । ਸ੍ਰੀਨਗਰ-ਲੇਹ ਨੈਸ਼ਨਲ ਹਾਈਵੇਅ ਉਤੇ ਸ਼ੁਕਰਵਾਰ ਨੂੰ ਕਈ ਬਰਫ਼ ਦੇ ਤੋਦੇ ਡਿੱਗਣ ਨਾਲ ਸੱਤ ਲੋਕਾਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦਸਿਆ ਕਿ ਦੁਪਹਿਰ ਨੂੰ ਜ਼ੀਰੋ ਪੁਆਇੰਟ ਅਤੇ ਮਿਨੀਮਾਰਗ ਦੇ ਵਿਚਕਾਰ ਬਰਫ਼ ਦੇ ਤੋਦੇ ਡਿੱਗਣ ਕਾਰਨ ਕਈ ਗੱਡੀਆਂ ਮਲਬੇ ਹੇਠ ਫਸ ਗਈਆਂ। ਅਧਿਕਾਰੀਆਂ ਨੇ ਦਸਿਆ ਕਿ ਘਟਨਾ ਤੋਂ ਤੁਰਤ ਬਾਅਦ ਬਚਾਅ ਕਾਰਜ ਸ਼ੁਰੂ ਕਰ ਦਿਤਾ ਗਿਆ ਅਤੇ ਬਰਫ ਨੂੰ ਸਾਫ ਕਰਨ ਅਤੇ ਫਸੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ‘ਐਕਸ’ ਉਤੇ ਇਕ ਪੋਸਟ ’ਚ, ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਇਸ ਘਟਨਾ ਵਿਚ ਸੱਤ ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ ਜ਼ਖਮੀਆਂ ਨੂੰ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।

## ਇਰਾਨ ’ਚ ਜੰਗ ਲਈ 10 ਲੱਖ ਫੌਜ ਤਿਆਰ, ਅਮਰੀਕਾ ਨਾਲ ਜ਼ਮੀਨੀ ਲੜਾਈ ਦੀ ਤਿਆਰੀ



**ਤਹਿਰਾਨ:** ਮੱਧ ਪੂਰਬ ਵਿੱਚ ਵੱਧ ਰਹੇ ਤਣਾਅ ਦੇ ਵਿਚਕਾਰ ਇਰਾਨ ਨੇ 10 ਲੱਖ ਤੋਂ ਵੱਧ ਜ਼ਮੀਨੀ ਫੌਜਾਂ ਨੂੰ ਜੁਟਾਉਣ ਦਾ ਦਾਅਵਾ ਕੀਤਾ ਹੈ। ਇਰਾਨੀ ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕਾ ਜ਼ਮੀਨੀ ਹਮਲਾ ਕਰ ਸਕਦਾ ਹੈ। ਇਸ ਨਾਲ ਨੌਜਵਾਨਾਂ ਵਿੱਚ ਭਰਤੀ ਵਿੱਚ ਵਾਧਾ ਹੋਇਆ ਹੈ। ਰਿਪੋਰਟਾਂ ਦਰਸਾਉਂਦੀਆਂ ਹਨ ਕਿ ਹਾਲ ਹੀ ਦੇ ਦਿਨਾਂ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਬਾਸੀਜ, ਰੈਵੋਲਿਊਸ਼ਨਰੀ ਗਾਰਡ ਅਤੇ ਫੌਜ ਵਿੱਚ ਸ਼ਾਮਲ ਹੋਣ ਲਈ ਅਰਜ਼ੀ ਦੇ ਰਹੇ ਹਨ। ਇਸ ਦੌਰਾਨ ਸੰਯੁਕਤ ਰਾਜ ਅਮਰੀਕਾ ਮੱਧ ਪੂਰਬ ਵਿੱਚ ਲਗਭਗ 10,000 ਵਾਧੂ ਫੌਜਾਂ ਭੇਜਣ 'ਤੇ ਵਿਚਾਰ ਕਰ ਰਿਹਾ ਹੈ। ਵਾਲ ਸਟਰੀਟ ਜਰਨਲ ਦੀ ਇੱਕ ਰਿਪੋਰਟ ਅਨੁਸਾਰ ਰੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਇਸ ਫੋਰਸ ਵਿੱਚ ਪੈਦਲ ਸੈਨਾ ਅਤੇ ਬਖਤਰਬੰਦ ਵਾਹਨ ਸ਼ਾਮਲ ਹੋ ਸਕਦੇ ਹਨ। ਇਹ ਵਾਧੂ ਫੌਜਾਂ ਮੱਧ ਪੂਰਬ ਵਿੱਚ ਪਹਿਲਾਂ ਹੀ ਤਾਇਨਾਤ 5,000 ਮਰੀਨਾਂ ਅਤੇ 2,000 ਪੈਰਾਟਰੂਪਰਾਂ ਵਿੱਚ ਸ਼ਾਮਲ ਕੀਤੀਆਂ ਜਾਣਗੀਆਂ। ਇਹ ਪੈਰਾਟਰੂਪਰ 82ਵੇਂ ਏਅਰਬੋਰਨ ਡਿਵੀਜ਼ਨ ਤੋਂ ਹਨ।

# ਰੈਪਰ ਤੋਂ ਸਿਆਸਤਦਾਨ ਬਣੇ 'ਬਾਲੇਨ' ਨੇ ਨੇਪਾਲ ਦੇ 47ਵੇਂ ਪ੍ਰਧਾਨ ਮੰਤਰੀ ਵਜੋਂ ਚੁੱਕੀ ਸਹੁੰ



**ਕਾਠਮੰਡੂ।** ਨੇਪਾਲ ਵਿੱਚ 'ਜਨਰਲ ਜ਼ੈੱਡ' ਵਿਰੋਧ ਪ੍ਰਦਰਸ਼ਨਾਂ ਕਾਰਨ ਕੇ.ਪੀ. ਸ਼ਰਮਾ ਓਲੀ ਦੀ ਅਗਵਾਈ ਵਾਲੀ ਸਰਕਾਰ ਨੂੰ ਸੱਤਾ ਤੋਂ ਬੇਦਖਲ ਕਰਨ ਤੋਂ ਛੇ ਮਹੀਨੇ ਬਾਅਦ, ਬਲੇਂਦਰ ਸ਼ਾਹ 'ਬਾਲੇਨ' ਨੇ ਸ਼ੁੱਕਰਵਾਰ ਨੂੰ ਨੇਪਾਲ ਦੇ ਲੋਕਤੰਤਰੀ ਤੌਰ 'ਤੇ ਚੁਣੇ ਗਏ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ। ਰਾਸ਼ਟਰੀ ਸੁਤੰਤਰ ਪਾਰਟੀ (ਆਰਐਸਪੀ) ਦੇ 35 ਸਾਲਾ ਰੈਪਰ ਤੋਂ ਸਿਆਸਤਦਾਨ ਬਣੇ ਨੇ ਸ਼ੀਤਲ ਨਿਵਾਸ ਵਿਖੇ ਰਾਸ਼ਟਰਪਤੀ ਦਫ਼ਤਰ ਵਿਖੇ ਦੁਪਹਿਰ 12:34 ਵਜੇ ਸ਼ੁਭ ਸਮੇਂ 'ਤੇ ਸਹੁੰ ਚੁੱਕੀ। ਬਲੇਨ ਨੇਪਾਲ ਦੇ ਸਭ ਤੋਂ ਘੱਟ ਉਮਰ ਦੇ ਲੋਕਤੰਤਰੀ ਤੌਰ 'ਤੇ ਚੁਣੇ ਗਏ ਨੇਤਾ ਹਨ ਅਤੇ ਮਧੇਸ ਖੇਤਰ ਦੇ ਪਹਿਲੇ ਵਿਅਕਤੀ ਹਨ ਜੋ ਸਿਖਰਲੇ ਕਾਰਜਕਾਰੀ ਅਹੁਦੇ 'ਤੇ ਹਨ। ਉਨ੍ਹਾਂ ਨੂੰ ਸ਼ੁੱਕਰਵਾਰ ਨੂੰ ਰਾਸ਼ਟਰਪਤੀ ਰਾਮ ਚੰਦਰ ਪੌਡੇਲ ਦੁਆਰਾ ਸੰਵਿਧਾਨ ਦੀ ਧਾਰਾ 76 (1) ਦੇ ਅਨੁਸਾਰ 47ਵੇਂ ਪ੍ਰਧਾਨ ਮੰਤਰੀ ਵਜੋਂ ਨਿਯੁਕਤ ਕੀਤਾ ਗਿਆ ਸੀ। ਬਲੇਨ ਪਿਛਲੇ ਸਾਲ ਸਤੰਬਰ ਵਿੱਚ ਸਾਬਕਾ ਪ੍ਰਧਾਨ ਮੰਤਰੀ ਓਲੀ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਨੂੰ ਸੱਤਾ ਤੋਂ ਬੇਦਖਲ ਕਰਨ ਤੋਂ ਬਾਅਦ ਸਹੁੰ ਚੁੱਕਣ ਵਾਲੇ ਪਹਿਲੇ ਲੋਕਤੰਤਰੀ ਤੌਰ 'ਤੇ ਚੁਣੇ ਗਏ ਪ੍ਰਧਾਨ ਮੰਤਰੀ ਹਨ। ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਸੋਸ਼ਲ ਮੀਡੀਆ 'ਤੇ ਪਾਬੰਦੀ ਵਿਰੁੱਧ ਨੌਜਵਾਨਾਂ ਦੀ ਅਗਵਾਈ ਵਾਲੇ "ਜਨਰਲ-ਜ਼ੈੱਡ" ਵਿਰੋਧ ਪ੍ਰਦਰਸ਼ਨ ਹਿੰਸਕ ਹੋ ਗਏ, ਜਿਸ ਕਾਰਨ ਓਲੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਗਿਆ। ਬਾਲੇਨ ਦੇ ਸਹੁੰ ਚੁੱਕ ਸਮਾਗਮ ਵਿੱਚ ਹਿੰਦੂ ਅਤੇ ਬੋਧੀ ਧਾਰਮਿਕ ਪਰੰਪਰਾਵਾਂ ਦਾ ਇੱਕ ਵਿਲੱਖਣ ਮਿਸ਼ਰਣ ਸੀ। ਵਿਸਤ੍ਰਿਤ ਧਾਰਮਿਕ ਰਸਮਾਂ ਨਿਭਾਈਆਂ ਗਈਆਂ। ਸੱਤ ਬ੍ਰਾਹਮਣਾਂ ਨੇ ਸ਼ੰਖ ਵਜਾਏ, 108 ਹਿੰਦੂ ਬਟੁਕ, ਜਾਂ ਨੌਜਵਾਨ ਬ੍ਰਾਹਮਣਾਂ ਨੇ ਵੈਦਿਕ ਮੰਤਰ ਜਾਂ ਸਵਾਸਤੀ ਵਚਨ ਦਾ ਜਾਪ ਕੀਤਾ, ਅਤੇ 107 ਲਾਮਿਆਂ ਨੇ ਮੰਗਲ ਵਚਨ ਜਾਂ ਬੋਧੀ ਗ੍ਰੰਥਾਂ ਦਾ ਜਾਪ ਕੀਤਾ। ਸੂਤਰਾਂ ਨੇ ਕਿਹਾ ਕਿ ਬਾਲੇਨ ਸੰਭਾਵਤ ਤੌਰ 'ਤੇ 15 ਤੋਂ 18 ਮੰਤਰੀਆਂ ਦੀ ਇੱਕ ਛੋਟੀ ਕੈਬਨਿਟ ਬਣਾਉਣਗੇ। ਕਾਠਮੰਡੂ ਦੇ ਸਾਬਕਾ ਮੇਅਰ ਨੇ 5 ਮਾਰਚ ਦੀਆਂ ਆਮ ਚੋਣਾਂ ਵਿੱਚ ਝਾਪਾ-5 ਹਲਕੇ ਵਿੱਚ ਓਲੀ ਨੂੰ ਭਾਰੀ ਫਰਕ ਨਾਲ ਹਰਾਇਆ। ਆਰਐਸਪੀ ਨੇ ਪ੍ਰਤੀਨਿਧੀ ਸਭਾ ਦੀਆਂ 275 ਸੀਟਾਂ ਵਿੱਚੋਂ 182 ਜਿੱਤ ਕੇ ਭਾਰੀ ਜਿੱਤ ਪ੍ਰਾਪਤ ਕੀਤੀ।

## ਨਹੀਂ ਲੱਗੇਗਾ ਕਿਸੇ ਤਰ੍ਹਾਂ ਦਾ ਲੌਕਡਾਊਨ: ਹਰਦੀਪ ਪੁਰੀ



**ਨਵੀਂ ਦਿੱਲੀ।** ਪੱਛਮੀ ਏਸ਼ੀਆ ਵਿੱਚ ਚੱਲ ਰਹੇ ਫੌਜੀ ਟਕਰਾਅ ਦਾ ਪ੍ਰਭਾਵ ਦੁਨੀਆ ਭਰ ਵਿੱਚ ਮਹਿਸੂਸ ਕੀਤਾ ਜਾ ਰਿਹਾ ਹੈ। ਊਰਜਾ ਸੰਕਟ ਕਾਰਨ ਕਈ ਦੇਸ਼ਾਂ ਨੇ ਆਮ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਹਾਲਾਂਕਿ, ਭਾਰਤ ਵਿੱਚ ਸਥਿਤੀ ਅਜੇ ਇੰਨੀ ਭਿਆਨਕ ਨਹੀਂ ਹੈ। ਕੁਝ ਥਾਵਾਂ 'ਤੇ ਤੇਲ ਅਤੇ ਐਲਪੀਜੀ ਗੈਸ ਦੀ ਕਮੀ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਸਰਕਾਰ ਅਤੇ ਪ੍ਰਸ਼ਾਸਨ ਇਸ ਨੂੰ ਹੱਲ ਕਰਨ ਲਈ ਜ਼ਰੂਰੀ ਕਦਮ ਚੁੱਕ ਰਿਹਾ ਹੈ। ਹਾਲਾਂਕਿ, ਜੇਕਰ ਈਰਾਨ ਨਾਲ ਇਜ਼ਰਾਈਲ-ਅਮਰੀਕੀ ਜੰਗ ਲੰਬੇ ਸਮੇਂ ਤੱਕ ਜਾਰੀ ਰਹਿੰਦੀ ਹੈ, ਤਾਂ ਕੁਝ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ। ਇਸ ਨਾਲ ਇਹ ਸਵਾਲ ਉੱਠਦੇ ਹਨ ਕਿ ਕੀ ਦੇਸ਼ ਵਿੱਚ ਤਾਲਾਬੰਦੀ ਵਰਗੀ ਸਥਿਤੀ ਪੈਦਾ ਹੋ ਸਕਦੀ ਹੈ।

## ਵੇਰਕਾ ਨੂੰ ਵੱਡਾ ਝਟਕਾ: ਭਾਰਤੀ ਫੌਜ ਨੇ ਘਟੀਆ ਗੁਣਵੱਤਾ ਕਾਰਨ 125 ਮੀਟ੍ਰਿਕ ਟਨ ਸੁੱਕਾ ਦੁੱਧ ਕੀਤਾ ਰੱਦ




**ਚੰਡੀਗੜ੍ਹ।** ਪੰਜਾਬ ਦੇ ਨਾਮੀ ਡੇਅਰੀ ਬ੍ਰਾਂਡ 'ਵੇਰਕਾ' ਲਈ ਇੱਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਭਾਰਤੀ ਫੌਜ ਨੇ ਗੁਣਵੱਤਾ ਦੇ ਨਿਰਧਾਰਤ ਮਾਪਦੰਡਾਂ 'ਤੇ ਖਰਾ ਨਾ ਉਤਰਨ ਕਾਰਨ ਵੇਰਕਾ ਦੇ ਲਗਭਗ 125 ਮੀਟ੍ਰਿਕ ਟਨ ਮਿਲਕ ਪਾਊਡਰ (ਸੁੱਕਾ ਦੁੱਧ) ਦੀ ਖੇਪ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸ ਵੱਡੀ ਕਾਰਵਾਈ ਤੋਂ ਬਾਅਦ ਮਿਲਕਫੈੱਡ ਹਰਕਤ ਵਿੱਚ ਆ ਗਿਆ ਹੈ ਅਤੇ ਮਾਮਲੇ ਦੀ ਉੱਚ ਪੱਧਰੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ।

**ਦੋ ਵੱਡੇ ਬੈਚਾਂ ਵਿੱਚ ਮਿਲੀ ਖ਼ਾਮੀ**

ਜਾਣਕਾਰੀ ਅਨੁਸਾਰ, ਜੰਮੂ ਵਿੱਚ ਤਾਇਨਾਤ 'ਆਰਮੀ ਸਰਵਿਸ ਕੋਰ' (ਅਸ਼ਛ) ਦੀ ਇੱਕ ਯੂਨਿਟ ਨੇ ਲੁਧਿਆਣਾ ਜ਼ਿਲ੍ਹਾ ਸਹਿਕਾਰੀ ਦੁੱਧ ਉਤਪਾਦਕ ਯੂਨੀਅਨ ਨੂੰ ਪੱਤਰ ਲਿਖ ਕੇ ਇਸ ਸਬੰਧੀ ਜਾਣਕਾਰੀ ਦਿੱਤੀ ਹੈ। ਫੌਜ ਅਨੁਸਾਰ ਲੁਧਿਆਣਾ ਯੂਨਿਟ ਵੱਲੋਂ ਸਪਲਾਈ ਕੀਤੇ ਗਏ ਦੁੱਧ ਪਾਊਡਰ ਦੇ ਦੋ ਬੈਚ ਟੈਸਟਿੰਗ ਦੌਰਾਨ ਫੇਲ੍ਹ ਪਾਏ ਗਏ ਹਨ।

**ਪਹਿਲਾ ਬੈਚ: 58.338 ਮੀਟ੍ਰਿਕ ਟਨ**

ਦੂਜਾ ਬੈਚ: 66.654 ਮੀਟ੍ਰਿਕ ਟਨ ਫੌਜ ਨੇ ਸਪੱਸ਼ਟ ਕੀਤਾ ਹੈ ਕਿ ਇਹ ਉਤਪਾਦ ਸੁਰੱਖਿਆ ਬਲਾਂ ਲਈ ਨਿਰਧਾਰਤ ਕੀਤੇ ਗਏ ਸਖ਼ਤ ਮਿਆਰਾਂ ਨੂੰ ਪੂਰਾ ਨਹੀਂ ਕਰਦਾ, ਜਿਸ ਕਾਰਨ ਪੂਰੀ ਖੇਪ ਵਾਪਸ ਭੇਜੀ ਜਾ ਰਹੀ ਹੈ। ਇਸ ਗੰਭੀਰ ਮੁੱਦੇ ਦੀ ਨਿਗਰਾਨੀ ਹੁਣ ਉੱਚ ਪੱਧਰ 'ਤੇ ਕੀਤੀ ਜਾ ਰਹੀ ਹੈ। ਫੌਜ ਵੱਲੋਂ ਭੇਜੇ ਗਏ ਪੱਤਰ ਦੀ ਇੱਕ ਕਾਪੀ ਰੱਖਿਆ ਮੰਤਰਾਲੇ ਦੇ 'ਖਰੀਦ ਤੇ ਖੁਰਾਕ ਨਿਰੀਖਣ ਸੰਗਠਨ' ਦੇ ਮੁੱਖ ਨਿਰਦੇਸ਼ਕ ਨੂੰ ਵੀ ਭੇਜੀ ਗਈ ਹੈ। ਮਿਲਕਫੈੱਡ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਇਸ ਗੱਲ ਦੀ ਪੜਤਾਲ ਕਰ ਰਹੇ ਹਨ ਕਿ ਪ੍ਰੋਸੈਸਿੰਗ ਦੌਰਾਨ ਗੁਣਵੱਤਾ ਵਿੱਚ ਕਿੱਥੇ ਕਮੀ ਰਹਿ ਗਈ। ਜ਼ਿਕਰਯੋਗ ਹੈ ਕਿ 1973 ਵਿੱਚ ਸਥਾਪਿਤ ਹੋਇਆ 'ਵੇਰਕਾ' ਪੰਜਾਬ ਦਾ ਸਭ ਤੋਂ ਭਰੋਸੇਮੰਦ ਬ੍ਰਾਂਡ ਮੰਨਿਆ ਜਾਂਦਾ ਹੈ। ਵਿੱਤੀ ਸਾਲ 2024-25 ਵਿੱਚ 6,395 ਕਰੋੜ ਰੁਪਏ ਦਾ ਰਿਕਾਰਡ ਕਾਰੋਬਾਰ ਕਰਨ ਵਾਲਾ ਇਹ ਅਦਾਰਾ ਦੁਨੀਆ ਦੇ 11 ਦੇਸ਼ਾਂ ਵਿੱਚ ਆਪਣੇ ਉਤਪਾਦ ਨਿਰਯਾਤ ਕਰਦਾ ਹੈ। ਅੰਮ੍ਰਿਤਸਰ ਦੇ ਵੇਰਕਾ ਕਸਬੇ ਤੋਂ ਸ਼ੁਰੂ ਹੋਇਆ ਇਹ ਸਫ਼ਰ ਅੱਜ ਲੱਖਾਂ ਡੇਅਰੀ ਕਿਸਾਨਾਂ ਦੀ ਰੋਜ਼ੀ-ਰੋਟੀ ਦਾ ਆਧਾਰ ਹੈ। ਅਜਿਹੇ ਵਿੱਚ ਭਾਰਤੀ ਫੌਜ ਵਰਗੇ ਵੱਕਾਰੀ ਅਦਾਰੇ ਵੱਲੋਂ ਸਪਲਾਈ ਰੱਦ ਕੀਤੇ ਜਾਣ ਨਾਲ ਬ੍ਰਾਂਡ ਦੀ ਸਾਖ 'ਤੇ ਸਵਾਲ ਖੜ੍ਹੇ ਹੋ ਰਹੇ ਹਨ।

## ਸੋਨਾ-ਚਾਂਦੀ ਦੀਆਂ ਕੀਮਤਾਂ 'ਚ ਆਈ ਗਿਰਾਵਟ, ਚਾਂਦੀ 11,250 ਰੁਪਏ ਘਟੀ



**ਨਵੀਂ ਦਿੱਲੀ:** ਕੀਮਤੀ ਧਾਤ ਦੀਆਂ ਕੀਮਤਾਂ ਵਿੱਚ 5 ਪ੍ਰਤੀਸ਼ਤ ਤੱਕ ਦੀ ਗਿਰਾਵਟ ਆਈ, ਚਾਂਦੀ 11,250 ਰੁਪਏ ਡਿੱਗ ਕੇ 2.30 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਰਹਿ ਗਈ, ਜਦੋਂ ਕਿ ਸੋਨਾ 1.47 ਲੱਖ ਰੁਪਏ ਪ੍ਰਤੀ 10 ਗ੍ਰਾਮ ਰਹਿ ਗਿਆ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਦੇ ਅਨੁਸਾਰ, ਚਿੱਟੀ ਧਾਤ ਬੁੱਧਵਾਰ ਦੇ 2,41,250 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਬੰਦ ਪੱਧਰ ਤੋਂ 11,250 ਰੁਪਏ ਜਾਂ ਲਗਭਗ 5 ਪ੍ਰਤੀਸ਼ਤ ਡਿੱਗ ਕੇ 2,30,000 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਰਹਿ ਗਈ। 99.9 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ 1,900 ਰੁਪਏ ਜਾਂ 1.3 ਪ੍ਰਤੀਸ਼ਤ ਘਟ ਕੇ 1,47,800 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) 'ਤੇ ਆ ਗਿਆ। ਪਿਛਲੇ ਬਾਜ਼ਾਰ ਸੈਸ਼ਨ ਵਿੱਚ ਪੀਲੀ ਧਾਤ 1,49,700 ਰੁਪਏ ਪ੍ਰਤੀ 10 ਗ੍ਰਾਮ 'ਤੇ ਟਿਕ ਗਈ ਸੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਅੰਮ੍ਰਿਤਸਰ ਵਿੱਚ ਸਰਹੱਦ ਪਾਰੋਂ ਚੱਲ ਰਹੇ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਨਾਲ ਜੁੜੇ ਦੋ ਵਿਅਕਤੀ ਕਾਬੂ




**ਅੰਮ੍ਰਿਤਸਰ** । ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਸਰਹੱਦ ਪਾਰੋਂ ਚੱਲ ਰਹੇ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਨਾਲ ਜੁੜੇ 2 ਮੁਲਜ਼ਮਾਂ ਨੂੰ 10 ਵਿਦੇਸ਼ੀ ਆਧੁਨਿਕ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰੇਸ਼ਮ ਸਿੰਘ ਵਾਸੀ ਖੁਸ਼ੂਪੁਰਾ, ਅੰਮ੍ਰਿਤਸਰ ਅਤੇ ਮਨਪ੍ਰੀਤ ਸਿੰਘ ਵਾਸੀ ਖਵਾਸਪੁਰ, ਤਰਨਤਾਰਨ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਇੱਕ ਤੁਰਕੀ ਦਾ ਬਣਿਆ ਜ਼ਿਗਾਨਾ ਪਿਸਤੌਲ, ਇੱਕ ਆਸਟਰੀਆ ਦਾ ਬਣਿਆ ਗਲੌਕ ਪਿਸਤੌਲ, ਦੋ ਅਮਰੀਕਾ ਦੇ ਬਣੇ ਬ੍ਰੇਟਾ ਪਿਸਤੌਲ, ਪੰਜ ਪੀਐਕਸ 5 ਪਿਸਤੌਲ ਅਤੇ ਇੱਕ ਚੀਨ ਦੇ ਬਣੇ ਨੋਰਿੰਕੋ ਪਿਸਤੌਲ ਸਮੇਤ ਮੈਗਜ਼ੀਨਾਂ ਸ਼ਾਮਲ ਹਨ। ਪੁਲਿਸ ਟੀਮਾਂ ਨੇ ਉਨ੍ਹਾਂ ਦਾ ਕਾਲੇ ਰੰਗ ਦਾ ਪਲੈਟੀਨਾ ਮੋਟਰਸਾਈਕਲ (ਪੀਬੀ 63 ਡੀ 3668) ਜਿਸ ਦੀ ਵਰਤੋਂ ਖੇਪਾਂ ਦੀ ਡਿਲੀਵਰੀ ਲਈ ਕੀਤੀ ਜਾਂਦੀ ਸੀ, ਨੂੰ ਵੀ ਜ਼ਬਤ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਪਾਕਿਸਤਾਨ ਸਥਿਤ ਤਸਕਰਾਂ ਦੇ ਤਾਲਮੇਲ ਨਾਲ ਵਿਦੇਸ਼ੀ ਗੈਂਗਸਟਰ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ ਅਤੇ ਭਾਰਤ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਿੱਚ ਸਹਾਇਤਾ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਖੇਪ ਸੂਬੇ ਭਰ ਵਿੱਚ ਅਪਰਾਧਿਕ ਤੱਤਾਂ ਨੂੰ ਡਿਲੀਵਰ ਕੀਤੀ ਜਾਣੀ ਸੀ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਸੀਆਈ ਅੰਮ੍ਰਿਤਸਰ ਨੂੰ ਇੱਕ ਭਰੋਸੇਯੋਗ ਜਾਣਕਾਰੀ ਮਿਲੀ ਸੀ ਕਿ ਵਿਦੇਸ਼ੀ ਗੈਂਗਸਟਰ ਆਪਣੇ ਪੰਜਾਬ ਸਥਿਤ ਸਾਥੀਆਂ ਦੀ ਮਦਦ ਨਾਲ ਪਾਕਿਸਤਾਨ ਤੋਂ ਭਾਰਤ ਵਿੱਚ ਡਰੋਨ ਰਾਹੀਂ ਗੈਰ-ਕਾਨੂੰਨੀ ਹਥਿਆਰਾਂ/ਗੋਲੀ ਸਿੱਕੇ ਦੀ ਤਸਕਰੀ ਕਰ ਰਿਹਾ ਹੈ। ਡੀਜੀਪੀ ਨੇ ਕਿਹਾ ਕਿ ਪ੍ਰਾਪਤ ਜਾਣਕਾਰੀ ਮੁਤਾਬਕ ਉਨ੍ਹਾਂ ਦੇ ਪੰਜਾਬ ਸਥਿਤ ਸਾਥੀ ਰੇਸ਼ਮ ਸਿੰਘ ਨੇ ਹਥਿਆਰਾਂ ਦੀ ਖੇਪ ਪ੍ਰਾਪਤ ਕੀਤੀ ਹੈ ਅਤੇ ਪਾਕਿਸਤਾਨੀ ਤਸਕਰਾਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸੰਭਾਵੀ ਤੌਰ ‘ਤੇ ਉਹ ਇਹ ਖੇਪ ਅੰਮ੍ਰਿਤਸਰ ਤੋਂ ਚੋਗਾਵਾਂ ਸੜਕ 'ਤੇ ਨਹਿਰ ਦੇ ਪੁਲ ਨਜਦੀਕ ਪਿੰਡ ਕੋਹਾਲੀ ਨੇੜੇ ਸ਼ੱਕੀ ਮਨਪ੍ਰੀਤ ਸਿੰਘ ਨੂੰ ਡਿਲੀਵਰ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਇਸ ਜਾਣਕਾਰੀ ‘ਤੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਨਾਕਾ ਲਗਾਇਆ ਅਤੇ ਦੋਵਾਂ ਮੁਲਜ਼ਮਾਂ ਨੂੰ ਹਥਿਆਰਾਂ ਦੀ ਖੇਪ ਸਮੇਤ ਗ੍ਰਿਫ਼ਤਾਰ ਕਰ ਲਿਆ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਪੂਰੇ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਜਾ ਸਕੇ। ਇਸ ਸਬੰਧੀ, ਐਫਆਈਆਰ ਨੰਬਰ 20 ਮਿਤੀ 27-03-2026 ਨੂੰ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25, 25(1) ਏ ਅਤੇ 25(1) ਬੀ ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਐਕਟ ਦੀ ਧਾਰਾ 61(2) ਤਹਿਤ ਦਰਜ ਕੀਤੀ ਗਈ ਹੈ।

# ਮੱਧ ਪ੍ਰਦੇਸ਼ ਦੇ ਗਵਾਲੀਅਰ ਵਿਚ ਸੜਕ ਹਾਦਸੇ ਵਿਚ ਪ੍ਰਵਾਰ ਦੇ 5 ਜੀਆਂ ਦੀ ਮੌਤ



**ਗਵਾਲੀਅਰ।** ਮੱਧ ਪ੍ਰਦੇਸ਼ ਦੇ ਗਵਾਲੀਅਰ ਵਿਚ ਅੱਜ ਇਕ ਦਰਦਨਾਕ ਹਾਦਸਾ ਵਾਪਰਿਆ। ਪਰਸ਼ੂਰਾਮ ਚੌਰਾਹੇ 'ਤੇ ਇੱਕ ਤੇਜ਼ ਰਫ਼ਤਾਰ ਸਕਾਰਪੀਓ ਦੇ ਇੱਕ ਆਟੋਰਿਕਸ਼ਾ ਨਾਲ ਟਕਰਾਉਣ ਕਾਰਨ ਇੱਕੋ ਪਰਿਵਾਰ ਦੇ ਪੰਜ ਮੈਂਬਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਬੱਚਿਆਂ ਸਮੇਤ ਚਾਰ ਹੋਰ ਜ਼ਖ਼ਮੀ ਹੋ ਗਏ। ਇਹ ਹਾਦਸਾ ਸ਼ੁੱਕਰਵਾਰ ਸਵੇਰੇ 3 ਵਜੇ ਵਾਪਰਿਆ ਜਦੋਂ ਆਟੋ-ਰਿਕਸ਼ਾ ਮੰਦਰ ਤੋਂ ਸ਼ਰਧਾਲੂ ਲੈ ਕੇ ਵਾਪਸ ਆ ਰਿਹਾ ਸੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਆਟੋ-ਰਿਕਸ਼ਾ ਇੱਕ ਨਿੰਮ ਦੇ ਦਰੱਖਤ ਨਾਲ ਟਕਰਾਉਣ ਤੋਂ ਬਾਅਦ ਬੁਰੀ ਤਰ੍ਹਾਂ ਨੁਕਸਾਨਿਆ ਗਿਆ, ਜਿਸ ਨਾਲ ਯਾਤਰੀਆਂ ਨੂੰ ਸੰਭਲਣ ਦਾ ਮੌਕਾ ਨਹੀਂ ਮਿਲਿਆ। ਸਥਾਨਕ ਲੋਕਾਂ ਨੇ ਤੁਰੰਤ ਪੁਲਿਸ ਅਤੇ ਐਂਬੂਲੈਂਸ ਨੂੰ ਸੂਚਿਤ ਕੀਤਾ। ਟੀਮ ਮੌਕੇ 'ਤੇ ਪਹੁੰਚੀ ਅਤੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਚਾਰ ਲੋਕਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਚਸ਼ਮਦੀਦ ਭੂਰਾ ਦੇ ਅਨੁਸਾਰ, ਪੁਲਿਸ ਸਕਾਰਪੀਓ ਦੇ ਪਿੱਛੇ ਲੱਗੀ ਸੀ। ਜਿਸ ਦੇ ਚੱਲਦੇ ਸਕਾਰਪੀਓ ਚਾਲਕ ਨੇ ਰਫ਼ਤਾਰ ਤੇਜ਼ ਕਰ ਲਈ ਤੇ ਬੱਸ ਸਟੈਂਡ 'ਤੇ ਇੱਕ ਈ-ਰਿਕਸ਼ਾ ਨੂੰ ਟੱਕਰ ਮਾਰ ਦਿੱਤੀ ਸੀ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਬਲਾਚੌਰ ਨੂੰ ਮਾਡਲ ਹਲਕਾ ਬਣਾਉਣ ਲਈ 'ਆਪ' ਸਰਕਾਰ ਵਚਨਬੱਧ: ਵਿਧਾਇਕਾ ਸੰਤੋਸ਼ ਕਟਾਰੀਆ

## ਪਿੰਡ ਜੰਡੀ ਵਿਖੇ 8.47 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਈਆਂ ਗਲੀਆਂ-ਨਾਲੀਆਂ ਦਾ ਉਦਘਾਟਨ ਕੀਤਾ

**ਨਵਾਂਸ਼ਹਿਰ /ਕਾਠਗੜ੍ਹ , 27 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਦਲਣ ਦੇ ਮਕਸਦ ਨਾਲ ਚਲਾਈ ਗਈ ਵਿਕਾਸ ਕਾਰਜਾਂ ਦੀ ਲੜੀ ਤਹਿਤ, ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਅੱਜ ਬਲਾਚੌਰ ਦੇ ਪਿੰਡ ਜੰਡੀ ਵਿਖੇ 8.47 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਈਆਂ ਗਲੀਆਂ-ਨਾਲੀਆਂ ਦਾ ਉਦਘਾਟਨ ਕੀਤਾ । ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਨੇ ਕਿਹਾ ਕਿ ਇਨ੍ਹਾਂ ਪਿੰਡਾਂ ਵਿੱਚ ਲੰਬੇ ਸਮੇਂ ਤੋਂ ਮਾੜੇ ਰਸਤਿਆਂ ਅਤੇ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਹੁਣ ਇਨ੍ਹਾਂ ਪ੍ਰੋਜੈਕਟਾਂ ਦੇ ਮੁਕੰਮਲ ਹੋਣ ਨਾਲ ਪਿੰਡ ਵਾਸੀਆਂ ਨੂੰ ਇਹਨਾਂ ਮੁਸ਼ਕਿਲਾਂ ਤੋਂ ਹਮੇਸ਼ਾ ਲਈ ਨਿਜਾਤ ਮਿਲੇਗੀ।ਸੰਤੋਸ਼ ਕਟਾਰੀਆ ਨੇ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ, "ਸਾਡੀ ਸਰਕਾਰ ਦਾ ਇੱਕੋ-ਇੱਕ ਟੀਚਾ ਹਰ ਨਾਗਰਿਕ ਨੂੰ ਬੁਨਿਆਦੀ



ਸਹੂਲਤਾਂ ਅਤੇ ਸਾਫ਼-ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣਾ ਹੈ। ਬਲਾਚੌਰ ਹਲਕੇ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ ਰਹਿਣਗੇ ਤਾਂ ਜੋ ਇਸ ਨੂੰ ਇੱਕ ਮਾਡਲ ਹਲਕੇ ਵਜੋਂ ਵਿਕਸਤ ਕੀਤਾ ਜਾ ਸਕੇ।"ਇਸ ਉਦਘਾਟਨੀ ਸਮਾਰੋਹ ਦੌਰਾਨ 'ਆਪ' ਦੇ ਸਥਾਨਕ ਆਗੂਆਂ ਅਤੇ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਨੇ ਵਿਧਾਇਕਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਆਮ ਲੋਕਾਂ ਦੀਆਂ ਲੋੜਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕਰ ਰਹੀ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਪਾਰਟੀ ਵਰਕਰ ਹਾਜ਼ਰ ਸਨ।

# ਵਾਘਾ ਬਾਰਡਰ ਵਪਾਰ ਲਈ ਖੋਲਣ ਦੇ ਪੱਖ ਚ' ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕਾਨਫਰੰਸ ਅੱਜ : ਸਿੰਗੜੀਵਾਲਾ

**ਹੁਸ਼ਿਆਰਪੁਰ 27 ਮਾਰਚ (ਤਰਸੇਮ ਦੀਵਾਨਾ ) -** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਆਪਣੀ ਪੱਕੀ ਅਤੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਦੁਹਰਾਉਂਦਾ ਹੈ ਕਿ ਵਾਘਾ ਬਾਰਡਰ ਰਾਹੀਂ ਸਰਹੱਦੀ ਵਪਾਰ ਨੂੰ ਤੁਰੰਤ ਦੁਬਾਰਾ ਸ਼ੁਰੂ ਕੀਤਾ ਜਾਵੇ। ਪਾਰਟੀ ਇਸ ਨੂੰ ਆਰਥਿਕ ਪੁਨਰਜਾਗਰਣ, ਖੇਤਰੀ ਸਹਿਯੋਗ ਅਤੇ ਟਿਕਾਊ ਅਮਨ ਲਈ ਬਹੁਤ ਜਰੂਰ ਮੰਨਦੀ ਹੈ। ਪਾਰਟੀ ਇਹ ਵੀ ਜ਼ੋਰ ਦੇ ਕੇ ਕਹਿੰਦੀ ਹੈ ਕਿ ਇਹ ਸਿਰਫ਼ ਆਰਥਿਕ ਮਸਲਾ ਨਹੀਂ, ਸਗੋਂ ਪੰਜਾਬ ਦੇ ਲੋਕਾਂ ਲਈ ਇਤਿਹਾਸਕ ਅਤੇ ਰਣਨੀਤਿਕ ਲੋੜ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬਾਘਾ ਬਾਰਡਰ ਤੇ 28 ਮਾਰਚ ਨੂੰ ਪਾਰਟੀ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ



ਦੀ ਅਗਵਾਈ ਹੇਠ ਕੀਤੀ ਜਾ ਰਹੀ ਵੱਡੀ ਕਾਨਫਰੰਸ ਸਬੰਧੀ ਗੱਲਬਾਤ ਕਰਦਿਆਂ ਕੀਤਾ ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਚੜਦੇ ਅਤੇ ਲਹਿੰਦੇ ਪੰਜਾਬ ਵਿਚਕਾਰ ਵਪਾਰ ਦੀ ਦੁਬਾਰਾ ਸ਼ੁਰੂਆਤ ਨਾਲ ਖ਼ਿੱਤੇ ਦੇ ਕਿਸਾਨਾਂ ਨੂੰ ਵੱਡਾ ਲਾਭ ਹੋਵੇਗਾ, ਜੋ ਇਸ ਵੇਲੇ ਸੀਮਿਤ ਮਾਰਕੀਟ ਪਹੁੰਚ, ਕੀਮਤਾਂ ਵਿੱਚ ਉਤਾਰ-ਚੜ੍ਹਾਅ ਅਤੇ ਵਧ ਰਹੀਆਂ ਲਾਗਤਾਂ ਦਾ ਸਾਹਮਣਾ ਕਰ ਰਹੇ ਹਨ। ਨਜ਼ਦੀਕੀ ਅਤੇ ਵੱਡੀ ਮਾਰਕੀਟ ਤੱਕ ਪਹੁੰਚ ਨਾਲ ਉਨ੍ਹਾਂ ਨੂੰ ਆਪਣੇ ਉਤਪਾਦਾਂ ਦੀ ਵਧੀਆ ਕੀਮਤ ਮਿਲੇਗੀ ਅਤੇ ਘਰੇਲੂ ਮੰਡੀਆਂ 'ਤੇ ਨਿਰਭਰਤਾ ਘਟੇਗੀ। ਫਲ, ਸਬਜ਼ੀਆਂ, ਡੇਅਰੀ ਅਤੇ ਪੋਲਟਰੀ ਵਰਗੀਆਂ ਨਾਸ਼ਪਾਤੀ ਵਸਤੂਆਂ ਨੂੰ ਘੱਟ ਸਮੇਂ ਵਿੱਚ ਮੰਜ਼ਿਲ ਤੱਕ ਪਹੁੰਚਣ ਕਾਰਨ ਘੱਟ ਨੁਕਸਾਨ ਅਤੇ ਵਧੀਆ ਆਮਦਨ ਹੋਵੇਗੀ। ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਲੋਕਾਂ ਦਾ ਸਮਰਥਨ ਪ੍ਰਾਪਤ ਕਰਨ ਲਈ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ 28 ਮਾਰਚ 2026 ਨੂੰ ਅਟਾਰੀ-ਵਾਘਾ ਸਰਹੱਦ 'ਤੇ "ਬੋਰਡਰ ਓਪਨ" ਰੈਲੀ ਦਾ ਐਲਾਨ ਕੀਤਾ ਹੈ। ਪਾਰਟੀ ਕਿਸਾਨਾਂ, ਵਪਾਰੀਆਂ, ਉਦਯੋਗਪਤੀਆਂ ਅਤੇ ਆਮ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦੀ ਹੈ ਅਤੇ ਪਾਰਟੀ ਸਰਕਾਰਾਂ ਨੂੰ ਅਪੀਲ ਕਰਦੀ ਹੈ ਕਿ ਇਸ ਮਹੱਤਵਪੂਰਨ ਵਪਾਰਕ ਰਸਤੇ ਨੂੰ ਖ਼ੋਲ੍ਹਣ ਲਈ ਤੁਰੰਤ ਅਤੇ ਲੋਕ-ਕੇਂਦਰਿਤ ਕਦਮ ਚੁੱਕੇ ਜਾਣ।

# ਮਹਿੰਗਾਈ ਵਧਣ ਕਾਰਨ ਘਰ ਦਾ ਬਜਟ ਹੋ ਜਾਵੇਗਾ ਖ਼ਰਾਬ

**ਲੁਧਿਆਣਾ 27 ਮਾਰਚ (ਕਰਨੈਲ ਸਿੰਘ ਐੱਮ.ਏ.)** ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਹਲਕਾ ਗਿੱਲ ਲੁਧਿਆਣਾ ਤੇ (ਸਹਿਯੋਗੀ ਸੰਸਾਰ ਵਾਤਾਵਰਨ ਸੁਰੱਖਿਆ ਅਤੇ ਸ਼ਾਂਤੀ ਸੰਗਠਨ )ਵੱਲੋਂ ਅਮਰੀਕਾ, ਇਸਰਾਈਲ ਵੱਲੋਂ ਈਰਾਨ ਤੇ ਕੀਤੀ ਜਾ ਰਹੀ ਅੰਨ੍ਹੀ ਮਿਸਾਈਲ ਤੇ ਬੰਬਾਰੀ ਜਿਸ ਕਾਰਨ ਸਕੂਲ ਤੇ ਬੰਬ ਸੁੱਟ ਕੇ ਈਰਾਨੀ ਬੱਚਿਆਂ ਦਾ ਕਤਲ ਤੇ ਆਮ ਜਨਤਾ ਦਾ ਕਤਲ ਤੋਂ ਜਿਸ ਕਾਰਨ ਲਈ ਮਹਿੰਗਾਈ ਕਾਲਾ ਬਜ਼ਾਰੀ ਵਿੱਚ ਵਾਧਾ ਹੋਵੇਗਾ , ਇਸ ਦੇ ਪ੍ਰਭਾਵ ਕਾਰਨ ਹਰ ਚੀਜ਼ ਮਹਿੰਗੀ ਹੋ ਜਾਵਗੀ ਤੇ ਆਮ ਲੋਕਾਂ ਦੇ ਘਰ ਦਾ ਬਜਟ ਖਰਾਬ ਹੋ ਜਾਵੇਗਾ । ਧਰਤੀ ਦੇ ਤਾਪਮਾਨ ਵਿੱਚ ਕਾਰਪੋਰੇਟ ਦੀਆਂ ਗ਼ਲਤ ਨੀਤੀਆਂ ਕਾਰਨ ਧਰਤੀ ਦੇ ਤਾਪਮਾਨ ਵਿੱਚ 1.5 ਡਿਗਰੀ ਵਾਧਾ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਹਾਲੀ ਵੀ ਜਾਰੀ ਹੈ, ਜਿਸ ਕਾਰਨ ਇਸ ਵਿਚ ਹੋਰ ਵਾਧਾ ਹੋਵੇਗਾ। ਦੁਨੀਆਂ ਦੇ ਵਿਗਿਆਨੀਆਂ ਨੇ ਪਹਿਲਾਂ ਹੀ ਬਾਰ-ਬਾਰ ਚੇਤਾਵਨੀ ਦਿੱਤੀ ਹੈ ਕਿ ਜੇ ਹੋਰ ਵਾਧਾ ਹੋਇਆ ਤਾਂ ਗਰਮੀ ਵਿੱਚ ਹੋਰ ਵਾਧਾ ਹੋ ਜਵੇਗਾ, ਜਿਸ



ਕਾਰਨ ਬਿਮਾਰੀਆਂ ਵਿੱਚ ਵਾਧਾ ਹੋਵੇਗਾ ਅਤੇ ਫਸਲਾਂ ਤੇ ਅਸਰ ਹੋਵੇਗਾ, ਜਿਸ ਕਾਰਨ ਭੋਜਨ ਦੀ ਸਮੱਸਿਆ ਹੋ ਜਾਵੇਗੀ ਤੇ ਸਮਾਜ ਨੂੰ ਭੁੱਖਮਰੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ। ਵੱਡੇ ਵੱਡੇ ਹਥਿਆਰ ਦੇ ਚੱਲਣ ਕਾਰਨ ਹਵਾ ਦੇ ਪ੍ਰਦੂਸ਼ਣ ਕਾਰਨ ਪੜੋਸੀ ਦੇਸ਼ਾਂ ਤੇ ਇਸ ਦਾ ਅਸਰ ਹੋਵ-ੇਗਾ , ਇਸ ਕਾਰਨ ਹਰ ਵਿਅਕਤੀ ਜੋ ਧਰਤੀ ਤੇ ਸਾਹ ਲੈਂਦਾ ਇੱਥੋਂ ਤੱਕ ਕੇ ਹਰ ਕੁਦਰਤੀ ਜੀਵਾਂ ਦੀ ਰਾਖੀ ਲਈ ਸਾਨੂੰ ਸਭ ਨੂੰ ਚੇਤਨ ਹੋਣਾ ਪਵੇਗਾ ਤੇ ਇਸ ਕਾਰਪੋਰੇਟ ਗਤੀਵਿਧੀਆਂ ਨੂੰ ਰੋਕਣ ਲਈ ਸਾਂਝੇ ਸੰਘਰਸ਼ ਜੋ ਕੁਦਰਤ ਤੇ ਮਾਨਵ ਪੱਖੀ ਹੋਵੇ ਉਸ ਲਈ ਲੋਕ ਲਹਿਰ ਖੜ੍ਹੀ ਕਰਨ ਦਾ ਉਪਰਾਲਾ ਕਰਨਾ ਹੋਵੇਗਾ । ਆਓ ਇਸ ਦੀ ਲੜੀ ਵਜੋਂ ਮਿਤੀ 26-3-2026 ਨੂੰ ਸ਼ਾਮ ਨੂੰ 2 ਵਜੇ ਤੋਂ ਸ਼ਾਮ 4.30 ਵਜੇ ਤੱਕ ਗਿੱਲ ਨਹਿਰ ਤੇ ਸਾਂਝਾ ਰੋਸ ਧਰਨਾ ਰਖਿਆ ਗਿਆ ਹੈ। ਅਸੀਂ ਸਭ ਨੂੰ ਜਿਸ ਵਿੱਚ ਪਹੁੰਚਣ ਦੀ ਅਪੀਲ ਕੀਤੀ ਜਾ ਰਹੀ ਹੈ। ਸਾਰੇ ਮੈਂਬਰਾਂ ਤੇ ਇਨਸਾਫ਼ ਪਸੰਦ ਲੋਕਾਂ ਨੂੰ ਅਪੀਲ ਹੈ ਕਿ ਇਸ ਵਿੱਚ ਟਾਇਮ ਤੇ ਪਹੁੰਚਣ ਦੀ ਕੋਸ਼ਿਸ਼ ਕਰੋ। ਇਸ ਵਿੱਚ ਸ੍ਰੀ ਬਚਿੰਤ ਸਿੰਘ ਢਿੱਲੋਂ ਪ੍ਰਧਾਨ ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਗਿੱਲ ਹਲਕਾ ਲੁਧਿਆਣਾ, ਡਾ: ਨਰਿੰਦਰਜੀਤ ਸਿੰਘ ਸੋਢੀ, ਡਾ: ਸੁਰਜੀਤ ਸਿੰਘ ਜਨਤਾ ਕਲੋਨੀ, ਹਿੰਮਤ ਸਿੰਘ ਭਾਰਤੀ ਕਿਸਾਨ ਯੂਨੀਅਨ ( ਏਕਤਾ) ਉਗਰਾਹਾਂ ਲੁਧਿਆਣਾ, ਸਰਬਜੀਤ ਸਿੰਘ ਕੜਵੱਲ, ਸ਼ਮਿੰਦਰ ਸਿੰਘ ਲੌਂਗੋਵਾਲ ਸਟੇਟ ਕਮੇਟੀ ਮੈਂਬਰ ਕੁਦਰਤ ਮਾਨਵ ਕੇਂਦਰਤ ਲੋਕ ਲਹਿਰ, ਤੀਰਥ ਸਿੰਘ ਧਾਂਦਰਾ, ਕਾ ਹਰਜਿੰਦਰ ਸਿੰਘ ਪ੍ਰਧਾਨ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਲੁਧਿਆਣਾ ਨੇ ਸੰਬੋਧਨ ਕੀਤਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸ਼੍ਰੋਮਣੀ ਅਕਾਲੀ ਦਲ ਬਾਦਲ ਦੀ 3 ਅਪ੍ਰੈਲ ਨੂੰ ਹੋਣ ਜਾ ਰਹੀ ਰੈਲੀ ਸਬੰਧੀ ਰੱਖੀ ਗਈ ਮੀਟਿੰਗ ਸਫਲ ਰਹੀ : ਸੋਹਣ ਸਿੰਘ ਠੰਡਲ



**ਹੁਸ਼ਿਆਰਪੁਰ 27 ਮਾਰਚ ( ਤਰਸੇਮ ਦੀਵਾਨਾ )** - ਪਿੰਡ ਠੰਡਲ ਦਫਤਰ ਵਿਖੇ ਪੰਜਾਬ ਬਚਾਓ ਰੈਲੀ ਜੋ ਸੰਧੂ ਫਾਰਮ ਮਹਿਨਾ ਹਲਕਾ ਚੱਬੇਵਾਲ ਵਿਖੇ 3 ਅਪ੍ਰੈਲ ਨੂੰ 10 ਵਜੇ ਹੋਣ ਜਾ ਰਹੀ ਹੈ ਜਿਸ ਦੇ ਸਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਵਲੋਂ ਇਲਾਕੇ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਵੱਧ ਤੋਂ ਵੱਧ ਸੰਗਤ ਨਾਲ ਲੈ ਕੇ ਜਾਣ ਦੀ ਅਪੀਲ ਕੀਤੀ ਗਈ ।

ਇਸ ਮੌਕੇ ਰਵਿੰਦਰ ਸਿੰਘ ਠੰਡਲ, ਮਾਸਟਰ, ਮਾਸਟਰ ਰਛਪਾਲ ਸਿੰਘ ਜਲਵੇੜਾ, ਜਸਵੀਰ ਸਿੰਘ ਭੱਟੀ ਨਡਾਲੋਂ, ਜਰਨੈਲ ਸਿੰਘ ਖਾਲਸਾ ਨਡਾਲੋ, ਗੁਰਪ੍ਰੀਤ ਸਿੰਘ ਡਾਂਡੀਆਂ, ਜਰਨੈਲ ਸਿੰਘ ਖਾਲਸਾ ਬੱਡੋ, ਮਾਸਟਰ ਹਰਭਜਨ ਸਿੰਘ ਅਜਨੋਹਾ, ਸਰਵਿੰਦਰ ਸਿੰਘ ਠੀਂਡਾ, ਪਰਮਜੀਤ ਸਿੰਘ ਰੱਕੜ, ਤਰਲੋਚਨ ਸਿੰਘ ਟੋਡਰ-ਪੁਰ, ਕੁਲਦੀਪ ਸਿੰਘ ਅਜਨੋਹਾ, ਦਲਜੀਤ ਸਿੰਘ ਬੱਡੋ, ਹਰਦੀਪ ਸਿੰਘ ਖ਼ਾਲਸਾ ਬੱਡੋਂ, ਨਰਿੰਦਰ ਸਿੰਘ ਬੱਡੋਂ, ਜਸਵੀਰ ਸਿੰਘ ਹੇੜੀਆ, ਗੁਰਨਾਮ ਸਿੰਘ ਟੋਡਰਪੁਰ, ਸੁਰਿੰਦਰ ਸਿੰਘ ਬੱਡੋਂ, ਕਮਲਜੀਤ ਸਿੰਘ ਬੱਡਲਾਂ, ਬਲਵਿੰਦਰ ਸਿੰਘ ਭਾਮ, ਅਮਨ ਟੋਡਰਪੁਰ ਆਦਿ ਹਾਜਰ ਸਨ।

## ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 135ਵਾਂ ਜਨਮ ਦਿਵਸ਼ ਬਸਪਾ ਵਲੋਂ 14 ਅਪ੍ਰੈਲ ਨੂੰ ਧੂਰੀ ਵਿਖੇ ਮਨਾਇਆ ਜਾਵੇਗਾ




**ਧੂਰੀ 27 ਮਾਰਚ (ਚਰਨਜੀਤ ਸੱਲ੍ਹਾਂ )** ਯੁੱਗ ਪਲਟਾਊ ਰਹਿਬਰ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 135ਵਾਂ ਜਨਮ ਦਿਨ ਪੂਰੇ ਵਿਸ਼ਵ ਭਰ ਵਿੱਚ 14ਅਪਰੈਲ ਨੂੰ ਮਨਾਇਆ ਜਾ ਰਿਹਾ ਹੈ ।

ਬਹੁਜਨ ਸਮਾਜ ਪਾਰਟੀ ਲੋਕ ਸਭਾ ਹਲਕਾ ਸੰਗਰੂਰ ਵਲੋਂ ਇਸ ਮਹਾਂ ਉਤਸਵ ਨੂੰ ਢੀਂਡਸਾ ਪੈਲੇਸ ਬਾਗੜੀਆਂ ਰੋਡ ਧੂਰੀ ਠੀਕ 11ਵਜੇ ਇਕ ਭਰਵੇਂ ਇਕੱਠ ਨਾਲ ਮਨਾਏ ਜਾ ਰਹੇ ਹਨ। ਇਸ ਮੌਕੇ ਮੁੱਖ ਮਹਿਮਾਨ ਵਜੋਂ ਕੇਂਦਰੀ ਕੋਆਰਡੀਨੇਟਰ ਸ੍ਰੀ ਰਣਧੀਰ ਸਿੰਘ ਬੈਨੀਪਾਲ ਜੀ, ਵਿਸ਼ੇਸ਼ ਮਹਿਮਾਨ ਕੇਂਦਰੀ ਇੰਚਾਰਜ ਸ੍ਰੀ ਪ੍ਰਤਾਪ ਸਿੰਘ ਜੀ , ਸੂਬਾ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ,ਡਾ ਨਛੱਤਰ ਪਾਲ ਸਿੰਘ ਜੀ ਐਮ ਐਲ ਏ ਨਵਾਂ ਸ਼ਹਿਰ, ਸੂਬਾ ਇੰਚਾਰਜ ਸ੍ਰੀ ਅਜੀਤ ਸਿੰਘ ਜੀ ਭੈਣੀ,ਜੋਨ ਇੰਚਾਰਜ ਪਟਿਆਲਾ ਸ੍ਰੀ ਅਮਰਜੀਤ ਸਿੰਘ ਝਲੂਰ,ਡਾ ਮੱਖਣ ਸਿੰਘ ਮੁੱਖ ਇੰਚਾਰਜ ਲੋਕ ਸਭਾ ਹਲਕਾ ਸੰਗਰੂਰ ਜਨਰਲ ਸਕੱਤਰ ਪੰਜਾਬ, ਚਮਕੌਰ ਸਿੰਘ ਵੀਰ ਜਨਰਲ ਸਕੱਤਰ ਪੰਜਾਬ, ਸ੍ਰੀ ਸ਼ਮਸ਼ਾਦ ਅੰਸਾਰੀ ਸੂਬਾ ਸਕੱਤਰ ਪੰਜਾਬ,ਸਰਬਜੀਤ ਸਿੰਘ ਖੇੜੀ ਜ਼ਿਲ੍ਹਾ ਪ੍ਰਧਾਨ ਬਰਨਾਲਾ, ਜਗਤਾਰ ਸਿੰਘ ਨਾਰੀਕੇ ਜ਼ਿਲ੍ਹਾ ਪ੍ਰਧਾਨ ਮਲੇਰਕੋਟਲਾ, ਸਤਿਗੁਰ ਸਿੰਘ ਕੌਹਰੀਆਂ ਜ਼ਿਲ੍ਹਾ ਪ੍ਰਧਾਨ ਸੰਗਰੂਰ ਲੋਕ ਸਭਾ ਹਲਕਾ ਸੰਗਰੂਰ ਦੀ ਲੀਡਰਸ਼ਿਪ, ਜ਼ਿਲਿਆਂ ਦੀ ਲੀਡਰਸ਼ਿਪ, ਹਲਕਿਆਂ ਦੀ ਲੀਡਰਸ਼ਿਪ ਦੇ ਵਿਚਾਰ ਸੁਣਨ ਲਈ ਬਸਪਾ ਵਰਕਰਾਂ, ਸਮੱਰਥਕਾਂ, ਬਾਬਾ ਸਾਹਿਬ ਜੀ ਨੂੰ ਰਹਿਬਰ ਮੰਨਣ ਵਾਲੇ ਸਮੂੰਹ ਭੈਣਾਂ, ਭਰਾਵਾਂ, ਮਾਤਾਵਾਂ, ਪਿਤਾ ਸਮਾਨ ਬਜ਼ੁਰਗਾਂ,ਸਮਾਜ ਦਰਦੀਆਂ ਨੂੰ ਵੱਡੇ ਕਾਫ਼ਲਿਆਂ ਸਮੇਤ ਪਹੁੰਚਣ ਦੀ ਕਿਰਪਾਲਤਾ ਕਰੋ ਜੀ। ਧੰਨਵਾਦ। ਬੇਨਤੀ ਕਰਤਾ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਸੰਗਰੂਰ ਮਲੇਰਕੋਟਲਾ ਬਰਨਾਲਾ ਅਤੇ ਲੋਕ ਸਭਾ ਹਲਕਾ ਸੰਗਰੂਰ।

## ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਵੱਲੋਂ ਯੂ.ਕੇ ਵਾਸੀ ਡਾਕਟਰ ਮਹਿੰਦਰ ਸਿੰਘ ਰਾਏ ਦੀ ਪੁਸਤਕ ਲੋਕ ਅਰਪਿਤ



**ਲੁਧਿਆਣਾ 27 ਮਾਰਚ (ਕਰਨੈਲ ਸਿੰਘ ਐੱਮ.ਏ.)** ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਦੇ ਸੈਂਟਰ ਫਾਰ ਪੰਜਾਬ ਸਟੱਡੀਜ਼ ਵੱਲੋਂ, ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਸਹਿਯੋਗ ਨਾਲ ਡਾ: ਮੋਹਿੰਦਰ ਸਿੰਘ ਰਾਏ ਦੁਆਰਾ ਲਿਖੀ ਗਈ ਵਿਦਵਤਾਪੂਰਨ ਕਿਤਾਬ "ਮਹਾਰ-ਾਜਾ ਰਣਜੀਤ ਸਿੰਘ: ਸਿੱਖ ਸਾਮ-ਰਾਜ ਦੇ ਆਰਕੀਟੈਕਟ ਦਾ ਇਤਿਹਾਸ" ਦੇ ਲੋਕ ਅਰਪਨ ਅਤੇ ਵਿਚਾਰ-ਚਰਚਾ ਦਾ ਆਯੋਜਨ ਕੀਤਾ ਗਿਆ।ਸਮਾਗਮ ਦਾ ਆਰੰਭ ਡਾ: ਐਸ.ਪੀ.ਸਿੰਘ, ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਵੱਲੋਂ ਸੁਆਗਤੀ ਭਾਸ਼ਣ ਨਾਲ ਹੋਇਆ । ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਇਤਿਹਾਸ ਨੂੰ ਪ੍ਰਮਾਣਿਕਤਾ ਅਤੇ ਗਹਿਰੇ ਵਿਸ਼ਲੇਸ਼ਣ ਨਾਲ ਪੇਸ਼ ਕਰਨ ਵਾਲੀਆਂ ਖੋਜ-ਅਧਾਰਿਤ ਰਚਨਾਵਾਂ ਦੀ ਲੋੜ ਉੱਤੇ ਜ਼ੋਰ ਦਿੱਤਾ। ਪ੍ਰੋ. ਸ਼ਰਣਜੀਤ ਕੌਰ, ਮੁਖੀ, ਪੋਸਟਗ੍ਰੈਜੂਏਟ ਪੰਜਾਬੀ ਵਿਭਾਗ ਨੇ ਲੇਖਕ ਦੀ ਜਾਣ ਪਛਾਣ ਕਰਾਉਂਦਿਆਂ ਉਨ੍ਹਾਂ ਦੀ ਸਾਹਿਤਕ ਯਾਤਰਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਡਾ: ਰਾਇ, ਜੋ ਕਿ 1977 ਤੋਂ ਯੂ.ਕੇ ਵਾਸੀ ਹਨ, ਕਈ ਮਹੱਤਵਪੂਰਨ ਰਚਨਾਵਾਂ ਦੇ ਲੇਖਕ ਹਨ ਅਤੇ ਇੱਕ ਪ੍ਰਸਿੱਧ ਪਰਵਾਸੀ ਲੇਖਕ ਵਜੋਂ ਆਪਣੀ ਪਹਿਚਾਣ ਬਣਾ ਚੁੱਕੇ ਹਨ। ਇਸ ਤੋਂ ਬਾਅਦ ਪ੍ਰਧਾਨਗੀ ਮੰਡਲ ਵੱਲੋਂ ਪੁਸਤਕ ਲੋਕ ਅਰਪਿਤ ਕੀਤੀ ਗਈ। ਸ੍ਰ: ਅਨੁਰਾਗ ਸਿੰਘ ਨੇ ਕਿਤਾਬ ਦੀ ਵਿਲੱਖਣਤਾ ਬਾਰੇ ਚਰਚਾ ਕਰਦੇ ਹੋਏ ਕਿਹਾ ਕਿ ਇਹ ਕਿਤਾਬ ਆਮ ਕਿਤਾਬਾਂ ਤੋਂ ਵੱਖਰੀ ਹੈ ਕਿਉਂਕਿ ਇਹ ਪੂਰੀ ਤਰ੍ਹਾਂ ਗੰਭੀਰ ਖੋਜ ਅਤੇ ਆਲੋਚਨਾਤਮਕ ਵਿਸ਼ਲੇਸ਼ਣ ‘ਤੇ ਅਧਾਰਿਤ ਹੈ। ਉਨ੍ਹਾਂ ਨੇ ਕਿਹਾ ਕਿ ਲੇਖਕ ਸਿਰਫ਼ ਇਤਿਹਾਸਕ ਤੱਥ ਨਹੀਂ ਪੇਸ਼ ਕਰਦਾ, ਸਗੋਂ ਉਨ੍ਹਾਂ ਦੀ ਪ੍ਰਮਾਣਿਕ ਸਰੋਤਾਂ ਰਾਹੀਂ ਜਾਂਚ ਵੀ ਕਰਦਾ ਹੈ, ਜਿਸ ਨਾਲ ਕੇਵਲ ਪੱਕੇ ਸਬੂਤਾਂ ਵਾਲੀਆਂ ਜਾਣਕਾਰੀਆਂ ਹੀ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਅਪ੍ਰਮਾਣਿਤ ਕਹਾਣੀਆਂ ਤੋਂ ਬਚਿਆ ਗਿਆ ਹੈ। ਉਨ੍ਹਾਂ ਨੇ ਕਿਤਾਬ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਜ਼ਿੰਦਗੀ ਅਤੇ ਵਿਰਾਸਤ ‘ਤੇ ਇੱਕ ਨਵੀਂ ਅਤੇ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਪੇਸ਼ ਕਰਨ ਲਈ ਸਰਾਹਿਆ।

ਆਪਣੀ ਸਿਰਜਣਾ ਬਾਰੇ ਗੱਲ ਕਰਦਿਆਂ ਡਾ: ਮੋਹਿੰਦਰ ਸਿੰਘ ਰਾਏ ਨੇ ਕਿਤਾਬ ਦੇ ਪਿੱਛੇ ਕੀਤੀ ਗਈ ਮਿਹਨਤ ਬਾਰੇ ਦੱਸਿਆ ਅਤੇ ਖੁਲਾਸਾ ਕੀਤਾ ਕਿ ਇਸ ਰਚਨਾ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਲਗਭਗ ਛੇ ਸਾਲਾਂ ਦੀ ਵਿਸਤ੍ਰਿਤ ਪੜ੍ਹਾਈ, ਖੋਜ ਅਤੇ ਵਿਸ਼ਲੇਸ਼ਣ ਕਰਨਾ ਪਿਆ। ਉਨ੍ਹਾਂ ਨੇ ਆਪਣੇ ਲਿਖਣ ਦੇ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਵਾਲੀਆਂ ਚੁਣੌਤੀਆਂ ਅਤੇ ਪ੍ਰੇਰਣਾਵਾਂ ਬਾਰੇ ਵੀ ਚਰਚਾ ਕੀਤੀ। ਪ੍ਰਸਿੱਧ ਕਵੀ ਪ੍ਰੋ: ਗੁਰਭਜਨ ਸਿੰਘ ਗਿੱਲ, ਜੋ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਸਨ, ਨੇ ਲੇਖਕ ਨੂੰ ਵਧਾਈ ਦਿੱਤੀ ਅਤੇ ਕਿਤਾਬ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸ ਬਾਰੇ ਇੱਕ ਮਹੱਤਵਪੂਰਨ ਅਤੇ ਕੀਮਤੀ ਦਸਤਾਵੇਜ਼ ਕਰਾਰ ਦਿੱਤਾ। ਉਨ੍ਹਾਂ ਨੇ ਇਸ ਗੱਲ ‘ਤੇ ਜ਼ੋਰ ਦਿੱਤਾ ਕਿ ਇਸ ਤਰ੍ਹਾਂ ਦੀਆਂ ਰਚਨਾਵਾਂ ਪੰਜਾਬ ਦੀ ਇਤਿਹਾਸਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਹੋਰ ਡੂੰਘਾਈ ਨਾਲ ਸਮਝਣ ਵਿੱਚ ਸਹਾਇਕ ਹੁੰਦੀਆਂ ਹਨ। ਸਮਾਰੋਹ ਦਾ ਸਮਾਪਨ ਕਾਲਜ ਪ੍ਰਿੰਸੀਪਲ ਪ੍ਰੋ: ਰਾਜਿੰਦਰ ਕੌਰ ਮਲਹੋਤਰਾ ਵੱਲੋਂ ਧੰਨਵਾਦੀ ਭਾਸ਼ਣ ਨਾਲ ਕੀਤਾ ਗਿਆ। ਸਮਾਗਮ ਦਾ ਸੰਚਾਲਨ ਡਾ: ਮਨਦੀਪ ਕੌਰ ਰੰਧਾਵਾ, ਕੋਆਰਡੀਨੇਟਰ, ਸੈਂਟਰ ਫਾਰ ਪੰਜਾਬ ਸਟੱਡੀਜ਼ ਵੱਲੋਂ ਸੁਚੱਜੇ ਢੰਗ ਨਾਲ ਕੀਤਾ ਗਿਆ।

ਇਸ ਮੌਕੇ ‘ਤੇ ਕੌਂਸਲ ਦੇ ਮਾਣਯੋਗ ਜਨਰਲ ਸਕੱਤਰ ਸ੍ਰ: ਹਰਸ਼ਰਨ ਸਿੰਘ ਨਰੂਲਾ, ਸ੍ਰ: ਹਰਦੀਪ ਸਿੰਘ, ਸ੍ਰ: ਕੁਲਜੀਤ ਸਿੰਘ, ਪ੍ਰੋਫੈਸਰ ਮਨਜੀਤ ਸਿੰਘ ਛਾਬੜਾ, ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਗੁਲਜ਼ਾਰ ਪੰਧੇਰ ਅਤੇ ਮੈਂਬਰ ਹਰੀ ਸਿੰਘ ਜਾਚਕ ਸਮੇਤ ਕਾਲਜ ਦੇ ਅਧਿਆਪਕ ਅਤੇ ਵਿਦਿਆਰਥੀ ਵੀ ਮੌਜੂਦ ਸਨ।

# ਭਾਰਤ ਨੇ ਰੂਸੀ ਕੰਪਨੀ ਨਾਲ ਕੀਤੇ ਰੱਖਿਆ ਸਮਝੌਤੇ

## 2.38 ਲੱਖ ਕਰੋੜ ਰੁਪਏ ਦੀ ਫ਼ੌਜੀ ਖ਼ਰੀਦ ਨੂੰ ਦਿੱਤੀ ਮਨਜ਼ੂਰੀ

**ਨਵੀਂ ਦਿੱਲੀ :** ਭਾਰਤ ਨੇ ਰੱਖਿਆ ਖੇਤਰ ਵਿਚ ਅਪਣੀਆਂ ਸੱਭ ਤੋਂ ਵੱਡੀਆਂ ਖਰੀਦਾਂ 'ਚੋਂ ਇਕ, 2.38 ਲੱਖ ਕਰੋੜ ਰੁਪਏ ਦੀ ਫ਼ੌਜੀ ਖਰੀਦ ਨੂੰ ਮਨਜ਼ੂਰੀ ਦਿਤੀ ਹੈ। ਇਸ ਵਿਚ ਰੂਸ ਤੋਂ ਪੰਜ ਨਵੇਂ ਐੱਸ-400 ਮਿਜ਼ਾਈਲ ਸਿਸਟਮ, 60 ਮਿਡੀਅਮ ਟਰਾਂਸਪੋਰਟ ਜਹਾਜ਼ ਅਤੇ ਹੋਰ ਕਈ ਪਲੇਟਫਾਰਮ ਸ਼ਾਮਲ ਹਨ। ਇਹ ਫੈਸਲਾ ਰੱਖਿਆ ਖਰੀਦ ਕੌਂਸਲ (ਡੀ.ਏ.ਸੀ.) ਦੀ ਮੀਟਿੰਗ ਵਿਚ ਲਿਆ ਗਿਆ, ਜਿਸ ਦੀ ਅਗਵਾਈ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੀਤੀ। ਰੱਖਿਆ ਮੰਤਰਾਲੇ ਦੇ ਬਿਆਨ ਅਨੁਸਾਰ, ''ਐੱਸ-400 ਸਿਸਟਮ ਦੁਸ਼ਮਣ ਦੇ ਲੰਬੀ ਦੂਰੀ ਵਾਲੇ ਹਵਾਈ ਹਮਲਿਆਂ ਨੂੰ ਨਾਕਾਮ ਕਰਨ ਵਿਚ ਮਦਦਗਾਰ ਹੋਵੇਗਾ, ਜਦਕਿ ਨਵੇਂ ਟਰਾਂਸਪੋਰਟ



ਜਹਾਜ਼ ਫ਼ੌਜ ਦੀ ਰਣਨੀਤਿਕ ਅਤੇ ਕਾਰਗੁਜ਼ਾਰੀ ਲੋੜਾਂ ਨੂੰ ਪੂਰਾ ਕਰਨਗੇ।'' ਇਸ ਫੈਸਲੇ ਨਾਲ ਭਾਰਤੀ ਹਵਾਈ ਫ਼ੌਜ ਅਪਣੇ ਪੁਰਾਣੇ ਏ.ਐਨ.-32 ਅਤੇ ਆਈ.ਐਲ.-76 ਜਹਾਜ਼ਾਂ ਦੀ ਥਾਂ ਨਵੇਂ ਜਹਾਜ਼ ਲਿਆਵੇਗੀ। ਸੂਤਰਾਂ ਮੁਤਾਬਕ, 12 ਜਹਾਜ਼ ਤਿਆਰ ਹਾਲਤ ਵਿਚ ਖਰੀਦੇ ਜਾਣਗੇ, ਜਦਕਿ 48 ਭਾਰਤ ਵਿਚ ਹੀ ਬਣਾਏ ਜਾਣਗੇ। ਇਕ ਅਧਿਕਾਰੀ ਨੇ ਕਿਹਾ, ''ਇਹ ਖਰੀਦ ਭਾਰਤ ਦੀ ਰੱਖਿਆ ਸਮਰੱਥਾ ਨੂੰ ਨਵੀਂ ਉਚਾਈਆਂ 'ਤੇ ਲੈ ਜਾਵੇਗੀ ਅਤੇ ਫ਼ੌਜ ਨੂੰ ਆਧੁਨਿਕ ਤਕਨੀਕ ਨਾਲ ਲੈਸ ਕਰੇਗੀ।'' ਇਸ ਤੋਂ ਇਲਾਵਾ, ਡੀ.ਏ.ਸੀ. ਨੇ ਸੁਖੋਈ-30 ਦੇ ਇੰਜਣਾਂ ਦੀ ਓਵਰਹੌਲ, ਰਿਮੋਟਲੀ ਪਾਇਲਟਡ ਸਟ੍ਰਾਈਕ ਏਅਰਕ੍ਰਾਫਟ ਅਤੇ ਧਨੁਸ਼ ਗਨ ਸਿਸਟਮ ਦੀ ਖਰੀਦ ਨੂੰ ਵੀ ਹਰੀ ਝੰਡੀ ਦਿਤੀ ਹੈ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਸਤਨਾਮ ਸਿੰਘ ਬੰਟੀ ਚੱਗਰਾ ਬੀ ਸੀ ਵਿੰਗ ਦੇ ਜ਼ਿਲ੍ਹਾ ਸਹਿਰੀ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ 27 ਮਾਰਚ ( ਤਰਸੇਮ ਦੀਵਾਨਾ ) –** ਸ਼੍ਰੋਮਣੀ ਅਕਾਲੀ ਦਲ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਅਤੇ ਬੀ.ਸੀ. ਵਿੰਗ ਦੇ ਕੌਮੀ ਪ੍ਰਧਾਨ ਜਥੇਦਾਰ ਹੀਰਾ ਸਿੰਘ ਗਾਬੜੀਆ ਵੱਲੋਂ ਜ਼ਿਲਾ ਹੁਸ਼ਿਆਰਪੁਰ ਨਾਲ ਸਬੰਧਤ ਅਹਿਮ ਨਿਯੁਕਤੀਆਂ ਕੀਤੀਆਂ ਗਈਆਂ ਹਨ। ਇਸ ਸਬੰਧੀ ਪਾਰਟੀ ਦੇ ਮੁੱਖ ਦਫਤਰ ਵਿਖੇ ਹੋਏ ਇਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸਤਨਾਮ ਸਿੰਘ ਬੰਟੀ ਚੱਗਰਾ ਨੂੰ ਜ਼ਿਲਾ (ਸ਼ਹਿਰੀ) ਪ੍ਰਧਾਨ ਵਜੋਂ ਨਿਯੁਕਤੀ ਪੱਤਰ ਸੌਂਪੀਆਂ ਗਿਆ । ਇਸ ਮੌਕੇ ਜਥੇਦਾਰ ਹੀਰਾ ਸਿੰਘ ਗਾਬੜੀਆ ਨੇ ਕਿਹਾ ਕਿ ਜ਼ਿਲੇ ਵਿੱਚ ਸ਼੍ਰੋਮਣੀ ਅਕਾਲੀ ਦਲ ( ਬਾਦਲ ) ਦਾ ਮੈਨ ਮਕਸਦ ਪਾਰਟੀ ਦੀਆਂ



ਗਤੀਵਿਧੀਆਂ ਨੂੰ ਤੇਜ਼ ਕਰਨਾ ਅਤੇ ਬੀ.ਸੀ.ਵਿੰਗ ਭਾਈਚਾਰੇ ਨੂੰ ਲਾਮਬੰਦ ਕਰਨਾ ਹੈ । ਜਥੇਦਾਰ ਗਾਬੜੀਆ ਨੇ ਕਿਹਾ ਕਿ ਇਹ ਨਿਯੁਕਤੀਆਂ ਮਿਹਨਤੀ ਵਰਕਰਾਂ ਦੀ ਪਛਾਣ ਕਰਕੇ ਕੀਤੀਆਂ ਗਈਆਂ ਹਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਪਾਰਟੀ ਦੀ ਪਕੜ ਹੋਰ ਮਜ਼ਬੂਤ ਹੋ ਸਕੇ। ਇਸ ਮੌਕੇ ਨਵ-ਨਿਯੁਕਤ ਆਗੂਆਂ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਪਾਰਟੀ ਵਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਘਰ-ਘਰ ਜਾ ਕੇ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰਨਗੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣ ਲਈ ਯਤਨਸ਼ੀਲ ਰਹਿਣਗੇ।

**ਫੋਟੋ ਅਜਮੇਰ ਦੀਵਾਨਾ**

# ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਪਿੰਡ ਮਜ਼ਾਰਾ ਖੁਰਦ ਦੇ ਛੱਪੜ ਦੇ ਨਵੀਨੀਕਰਨ ਲਈ 3 ਲੱਖ ਦੀ ਗ੍ਰਾਂਟ ਜਾਰੀ



**ਨਵਾਂ ਸ਼ਹਿਰ , 27 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਨਵਾਂ ਸ਼ਹਿਰ ਤਹਿਸੀਲ ਦੇ ਪਿੰਡ ਮਜ਼ਾਰਾ ਖੁਰਦ ਦੇ ਵਿਕਾਸ ਕਾਰਜਾਂ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ, ਜਦੋਂ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਵੱਲੋਂ ਪਿੰਡ ਦੇ ਛੱਪੜ ਦੀ ਸਫਾਈ ਅਤੇ ਨਵੀਨੀਕਰਨ ਲਈ 3 ਲੱਖ ਰੁਪਏ ਦੀ ਗ੍ਰਾਂਟ ਰਾਸ਼ੀ ਜਾਰੀ ਕੀਤੀ ਗਈ। ਇਸ ਮੌਕੇ ਪਿੰਡ ਵਾਸੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪਿੰਡ ਦੇ ਛੱਪੜ ਦੀ ਹਾਲਤ ਕਾਫੀ ਖਸਤਾ ਸੀ, ਪਰ ਅੱਜ ਤੱਕ ਕਿਸੇ ਵੀ ਪਿਛਲੀ ਸਰਕਾਰ ਨੇ ਇਸ ਗੰਭੀਰ ਸਮੱਸਿਆ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਉਹ ਚੇਅਰਮੈਨ ਸਤਨਾਮ ਜਲਾਲਪੁਰ ਅਤੇ ਮੌਜੂਦਾ ਸਰਕਾਰ ਦੇ ਤਹਿ ਦਿਲੋਂ ਧੰਨਵਾਦੀ ਹਨ, ਜਿਨ੍ਹਾਂ ਨੇ ਪਿੰਡ ਦੀ ਮੁੱਖ ਲੋੜ ਨੂੰ ਸਮਝਿਆ ਅਤੇ ਵਿਕਾਸ ਲਈ ਵੱਡਾ ਸਹਿਯੋਗ ਦਿੱਤਾ।ਗ੍ਰਾਂਟ ਜਾਰੀ ਕਰਨ ਦੇ ਇਸ ਸਮਾਗਮ ਦੌਰਾਨ ਮਾਰਕੀਟ ਕਮੇਟੀ ਦੇ ਚੇਅਰਮੈਨ ਗਗਨ ਅਗਨੀਹੋਤਰੀ, ਸਰਪੰਚ ਵਨੀਤ ਰਾਣਾ ਜਾਡਲਾ ਅਤੇ ਦਵਿੰਦਰ ਸਵਾਜਪੁਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਪਿੰਡ ਦੀ ਪੰਚਾਇਤ ਅਤੇ ਮੋਹਤਬਰਾਂ ਵੱਲੋਂ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਸਤਨਾਮ ਸਿੰਘ ਸੱਤੀ ਮੁਜ਼ਾਰਾ ਖੁਰਦ, ਗੁਰਨੇਕ ਸਿੰਘ, ਅਮਨਦੀਪ, ਹਰਮੇਸ਼ ਸਿੰਘ, ਹਰਭੱਜਨ ਸਿੰਘ, ਕੁਲਵੀਰ ਸਿੰਘ, ਪੰਚ ਚੰਨਣ ਰਾਮ, ਪੰਚ ਪ੍ਰਗਣ ਸਿੰਘ, ਬਲਜਿੰਦਰ ਜਿੰਦੂ, ਗੁਰਪਾਲ ਸਿੰਘ ਪ੍ਰਧਾਨ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਪਿੰਡ ਪਨਿਆਲੀ ਕਲਾਂ ਵਿਖੇ ਜਥੇਦਾਰ ਖਾਲਸਾ ਨੂੰ ਸ਼੍ਰੋਮਣੀ ਕਮੇਟੀ ਦਾ ਬੁਲਾਰਾ ਨਿਯੁਕਤ ਕਰਨ ਤੇ ਕੀਤਾ ਸਨਮਾਨਿਤ

**ਨਵਾਂਸ਼ਹਿਰ /ਕਾਠਗੜ੍ਹ 27 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦਾ ਬੁਲਾਰਾ ਨਿਯੁਕਤ ਕਰਨ ਦੀ ਖੁਸ਼ੀ ਵਿੱਚ ਪਿੰਡ ਪਨਿਆਲੀ ਕਲਾਂ ਦੀਆਂ ਮੁੱਖ ਧਾਰਮਿਕ ਸ਼ਖਸ਼ੀਅਤਾਂ ਅਤੇ ਨਗਰ ਨਿਵਾਸੀ ਸੰਗਤਾਂ ਵਲੋਂ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਨੇ ਕਿਹਾ ਕੇ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਹੋਣ ਦੇ ਨਾਤੇ ਜਿੱਥੇ ਵੀ ਹੋ ਸਕਿਆ ਮੈ ਇਲਾਕੇ ਪਰ ਵਿੱਚ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਦਿਨ ਰਾਤ ਇਕ ਕਰ ਦੇਵਾਂਗਾ। ਉਨ੍ਹਾਂ ਕਿਹਾ ਕੇ ਜਿਹੜੇ ਨੋਜਵਾਨ ਗੁਰਬਾਣੀ ਦੀ ਸੰਥਿਆ ਲੈਣੀ ਚਾਹੁੰਦੇ ਹਨ। ਉਸ ਨੋਜਵਾਨ ਇੱਕਤਰ ਹੋ ਕੇ



**ਪਿੰਡ ਪਨਿਆਲੀ ਕਲਾਂ ਵਿਖੇ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਨੂੰ ਸ਼੍ਰੋਮਣੀ ਕਮੇਟੀ ਦਾ ਬੁਲਾਰਾ ਨਿਯੁਕਤ ਕਰਨ ਦੀ ਖੁਸ਼ੀ ਵਿੱਚ ਸਨਮਾਨਿਤ ਕਰਦੇ ਪਿੰਡ ਵਾਸੀ।**

ਸ਼੍ਰੋਮਣੀ ਕਮੇਟੀ ਕੋਲ ਇੱਕ ਬੇਨਤੀ ਪੱਤਰ ਭੇਜ ਸਕਦੇ ਹਨ। ਤਾਂ ਕੇ ਉਨ੍ਹਾਂ ਨੂੰ ਗੁਰਬਾਣੀ ਦੀ ਸੰਥਿਆ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੋਈ ਵਧੀਆ ਵਿਦਵਾਨ ਭੇਜ ਕੇ ਲੋਕਾਂ ਨੂੰ ਗੁਰਬਾਣੀ ਨਾਲ ਜੋੜਨ ਦਾ ਵਿਸ਼ੇਸ਼ ਉਪਰਾਲਾ ਕਰੀਏ। ਇਸ ਮੌਕੇ ਸੰਗਤਾਂ ਵਿੱਚ ਗਿਆਨੀ ਇਕਬਾਲ ਸਿੰਘ ਮਾਨ, ਗਿਆਨੀ ਭੁਪਿੰਦਰ ਸਿੰਘ ਸ਼ਿੰਦਾ ਸ੍ਰੀ ਕੀਰਤਪੁਰ ਸਾਹਿਬ, ਗਿਆਨੀ ਪ੍ਰਦੀਪ ਸਿੰਘ, ਗਿਆਨੀ ਭੁਪਿੰਦਰ ਸਿੰਘ ਸ੍ਰੀ ਕੀਰਤਪੁਰ ਸਾਹਿਬ, ਗਿਆਨੀ ਗੁਰਇਕਬਾਲ ਸਿੰਘ ਸ੍ਰੀ ਅਨੰਦਪੁਰ ਸਾਹਿਬ, ਗਿਆਨੀ ਬਖਤਾਵਰ ਸਿੰਘ ਢਾਡੀ,ਪਾਖਰ ਸਿੰਘ ਫੋਜੀ, ਪਿਆਰਾ ਸਿੰਘ ਸਾਬਕਾ ਸਰਪੰਚ, ਬਾਬਾ ਅਵਤਾਰ ਸਿੰਘ ਸਰਪੰਚ ਪਨਿਆਲੀ ਕਲਾਂ, ਤਾਰਾ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ ਪਨਿਆਲੀ ਕਲਾਂ,ਗਿਆਨੀ ਅਵਤਾਰ ਸਿੰਘ ਗ੍ਰੰਥੀ, ਮਹਿੰਦਰ ਸਿੰਘ ਮਾਨ ਢਾਡੀ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਵਿਖੇ ਰੁਜ਼ਗਾਰ ਯੋਗਤਾ ਹੁਨਰਾਂ 'ਤੇ ਵਿਸ਼ੇਸ਼ ਭਾਸ਼ਣ ਦਾ ਆਯੋਜਨ

**ਨਵਾਂਸ਼ਹਿਰ /ਕਾਠਗੜ੍ਹ 27 ਮਾਰਚ ( ਜਤਿੰਦਰ ਪਾਲ ਸਿੰਘ ਕਲੇਰ )** ਯੂਨੀਵਰਸਿਟੀ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ, ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਨੇ ਬੀਬੀਏ, ਬੀ.ਕਾਮ, ਅਤੇ ਐਮ.ਬੀ.ਏ. ਦੇ ਵਿਦਿਆਰਥੀਆਂ ਲਈ "ਰੁਜ਼ਗਾਰ ਯੋਗਤਾ ਹੁਨਰ" 'ਤੇ ਇੱਕ ਵਿਸ਼ੇਸ਼ ਭਾਸ਼ਣ ਦਾ ਆਯੋਜਨ ਕੀਤਾ। ਇਹ ਸੈਸ਼ਨ ਡਾ. ਅਕਾਂਕਸ਼ਾ ਜੈਨ ਦੁਆਰਾ ਦਿੱਤਾ ਗਿਆ, ਜਿਨ੍ਹਾਂ ਨੇ ਰੁਜ਼ਗਾਰ ਯੋਗਤਾ ਅਤੇ ਉਦਯੋਗ ਦੀਆਂ ਉਮੀਦਾਂ ਦੀ ਬਦਲਦੀ ਗਤੀਸ਼ੀਲਤਾ ਬਾਰੇ ਕੀਮਤੀ ਸੂਝ ਪ੍ਰਦਾਨ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅੱਜ ਦੇ ਮੁਕਾਬਲੇ ਵਾਲੇ ਨੌਕਰੀ ਬਾਜ਼ਾਰ ਵਿੱਚ, ਰੁਜ਼ਗਾਰ ਯੋਗਤਾ ਸਿਰਫ਼ ਡਿਗਰੀ ਪ੍ਰਾਪਤ ਕਰਨ ਬਾਰੇ ਨਹੀਂ ਹੈ, ਸਗੋਂ ਮੁੱਲ ਪੈਦਾ ਕਰਨ, ਹੁਨਰਾਂ ਦਾ ਪ੍ਰਦਰਸ਼ਨ ਕਰਨ ਅਤੇ ਨਤੀਜੇ ਪ੍ਰਦਾਨ ਕਰਨ ਦੀ ਯੋਗਤਾ ਬਾਰੇ ਹੈ।

ਡਾ. ਜੈਨ ਨੇ ਰੁਜ਼ਗਾਰਦਾਤਾਵਾਂ ਲਈ ਲੋੜੀਂਦੇ ਮੁੱਖ ਗੁਣਾਂ ਨੂੰ ਉਜਾਗਰ ਕੀਤਾ, ਜਿਸ ਵਿੱਚ ਸਮੱਸਿਆ ਹੱਲ ਕਰਨ ਦੀ ਯੋਗਤਾ, ਸੰਚਾਰ ਹੁਨਰ,



ਵਿਹਾਰਕ ਐਕਸਪੋਜ਼ਰ, ਮਾਲਕੀ ਮਾਨਸਿਕਤਾ ਅਤੇ ਕਾਰਜਕਾਰੀ ਸਮਰੱਥਾ ਸ਼ਾਮਲ ਹਨ। ਸੈਸ਼ਨ ਦਾ ਇੱਕ ਮੁੱਖ ਆਕਰਸ਼ਣ ਇੱਕ ਦਿਲਚਸਪ ਗਤੀਵਿਧੀ ਸੀ ਜਿੱਥੇ ਵਿਦਿਆਰਥੀਆਂ ਨੂੰ ਇੱਕ ਮਾਰਕੀਟਿੰਗ ਮੁਖੀ ਵਾਂਗ ਸੋਚਣ ਅਤੇ ਪਹਿਲੇ 24 ਘੰਟਿਆਂ ਦੇ ਅੰਦਰ ਆਪਣੇ ਕੰਮਾਂ ਦੀ ਯੋਜਨਾ ਬਣਾਉਣ ਲਈ ਕਿਹਾ ਗਿਆ ਸੀ।

ਇਹ ਭਾਸ਼ਣ ਬਹੁਤ ਜਾਣਕਾਰੀ ਭਰਪੂਰ ਅਤੇ ਪ੍ਰੇਰਣਾਦਾਇਕ ਸਾਬਤ ਹੋਇਆ, ਜਿਸ ਨਾਲ ਵਿਦਿਆਰਥੀਆਂ ਨੂੰ ਨੌਕਰੀ ਲਈ ਤਿਆਰ ਅਤੇ ਉਦਯੋਗ-ਪ੍ਰਸੰਗਿਕ ਬਣਨ ਦੀ ਮਹੱਤਤਾ ਨੂੰ ਸਮਝਣ ਵਿੱਚ ਮਦਦ ਮਿਲੀ। ਅਜਿਹੀਆਂ ਪਹਿਲਕਦਮੀਆਂ ਵਿਦਿਆਰਥੀਆਂ ਦੀ ਰੁਜ਼ਗਾਰਯੋਗਤਾ, ਪੇਸ਼ੇਵਰ ਹੁਨਰ ਅਤੇ ਕਰੀਅਰ ਦੀ ਤਿਆਰੀ ਨੂੰ ਵਧਾਉਣ ਲਈ ਸੰਸਥਾ ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ। ਡਾ. ਆਸ਼ੂਤੋਸ਼ ਸ਼ਰਮਾ ਨੇ ਮੁੱਖ ਬੁਲਾਰੇ ਦਾ ਉਨ੍ਹਾਂ ਦੇ ਕੀਮਤੀ ਸੂਝ-ਬੂਝ ਲਈ ਧੰਨਵਾਦ ਕੀਤਾ। ਇਸ ਮੌਕੇ ਸਾਰੇ ਫੈਕਲਟੀ ਅਤੇ ਵਿਦਿਆਰਥੀ ਮੌਜੂਦ ਸਨ।

# 5 ਅਪਰੈਲ ਨੂੰ ਜਲੰਧਰ ਵਿਖੇ ਕਰਵਾਏ ਜਾ ਰਹੇ ਸੈਮੀਨਾਰ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

## ਸਤਿਗੁਰੂ ਰਵਿਦਾਸ ਮਹਾਰਾਜ ਜੀ ਨਾਲ ਸਬੰਧਿਤ ਸੈਮੀਨਾਰ ਵਿਚ ਦੇਸ਼ ਤੋਂ ਇਲਾਵਾ ਵਿਦੇਸ਼ ਤੋਂ ਵੀ ਵਿਦਵਾਨ ਵਿਚਾਰ ਰੱਖਣਗੇ : ਪ੍ਰੋ. ਭਾਟੀਆ

**ਹੁਸ਼ਿਆਰਪੁਰ 27 ਮਾਰਚ ( ਤਰਸੇਮ ਦੀਵਾਨਾ )** ਕੌਮੀ ਤੇ ਕੌਮਾਂਤਰੀ ਪੱਧਰ ਤੇ 'ਬਾਣੀ ਵਿਚਾਰ ਚੇਤਨਾ ਮੰਚ ਪੰਜਾਬ' ਵੱਲੋਂ ਕਰਵਾਏ ਜਾ ਰਹੇ ਸੈਮੀਨਾਰ ਤੇ ਕਾਨਫ਼ਰੰਸਾਂ ਦੀ ਲੜੀ ਤਹਿਤ ਜਲੰਧਰ ਵਿਚ ਵੀ 5 ਅਪਰੈਲ ਨੂੰ ਇਕ ਅਕਾਦਮਿਕ ਤੇ ਅਧਿਆਤਮਿਕ ਸੈਮੀਨਾਰ ਕਰਾਇਆ ਜਾ ਰਿਹਾ ਹੈ, ਜਿਸ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ, ਜੀਵਨ ਨਾਲ ਸਬੰਧਿਤ ਖੋਜ ਭਰਪੂਰ ਪੇਪਰ ਪੜ੍ਹੇ ਜਾਣਗੇ। ਇਹ ਸੈਮੀਨਾਰ ਡਾ. ਭੀਮ ਰਾਓ ਅੰਬੇਡਕਰ ਭਵਨ ਨਕੋਦਰ ਰੋਡ ਜਲੰਧਰ ਵਿਖੇ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆ ਸੈਮੀਨਾਰ ਦੇ ਕੋਆਰਡੀਨੇਟਰ ਪ੍ਰੋ. ਲਾਲ ਬਹਾਦਰ ਭਾਟੀਆ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਰਚੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਉਨ੍ਹਾਂ ਦੀ ਬਾਣੀ ਸਾਡੀ ਰਾਹ ਦਸੇਰੇ ਵਜੋਂ ਕੰਮ ਕਰਦੀ ਹੈ, ਬਾਣੀ ਨਾਲ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਸਮਾਜ, ਵਿਚਾਰ ਅਤੇ ਸੰਵਾਦ ਦੇ ਵਿਸ਼ੇ ਤੇ ਪਰਚੇ ਪੜ੍ਹੇ ਜਾਣਗੇ। ਪ੍ਰੋ. ਭਾਟੀਆ ਨੇ ਦੱਸਿਆ ਕਿ ਅਸੀਂ ਇਸ ਸੈਮੀਨਾਰ ਦੀਆਂ ਤਿ ਆਰੀਆਂ ਵਿਚ ਜੁਟੇ ਹੋਏ ਹਾਂ, ਕਿਉਂਕਿ ਇਸ ਸੈਮੀਨਾਰ ਵਿਚ ਪੰਜਾਬ ਭਰ ਤੋਂ ਹੀ ਨਹੀਂ ਸਗੋਂ ਵਿਦੇਸ਼ਾਂ ਤੋਂ ਵੀ ਵਿਦਵਾਨ ਸੱਜਣ ਆਕੇ



ਆਪਣੇ ਵਿਚਾਰ ਪ੍ਰਗਟ ਕਰਨਗੇ। ਉਨ੍ਹਾਂ ਕਿਹਾ ਕਿ ਬਾਣੀ ਵਿਚਾਰ ਮੰਚ ਦੇ ਮੁੱਖ ਕੋਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਦੀ ਅਗਵਾਈ ਵਿਚ ਤੇ ਮੁੱਖ ਸਰਪ੍ਰਸਤ ਬਲਵਿੰਦਰ ਸਿੰਘ ਜਾਤੀਵਾਲ ਦੀ ਰਹਿਨੁਮਾਈ ਵਿਚ ਹੋ ਰਹੇ ਇਸ ਸੈਮੀਨਾਰ ਵਿਚ ਤਿੰਨ ਪਰਚੇ ਪੜ੍ਹੇ ਜਾਣਗੇ, ਇਹ ਪਰਚੇ ਪ੍ਰਬੁੱਧ ਵਿਦਵਾਨ ਡਾ. ਸੀਤਲ ਸਿੰਘ, ਸ੍ਰੀ ਰੂਪ ਲਾਲ ਰੂਪ ਤੇ ਉਹ (ਪ੍ਰੋ. ਲਾਲ ਬਹਾਦਰ ਭਾਟੀਆ) ਪੜ੍ਹਨਗੇ, ਇਸ ਵਿਚ ਉਦਘਾਟਨੀ ਭਾਸ਼ਣ ਹਰਬਿਲਾਸ ਬੱਸੀ ਕੈਨੇਡਾ ਦੇਣਗੇ ਤੇ ਸਮਾਪਤੀ ਭਾਸ਼ਣ ਡਾ. ਗੁਰਮੀਤ ਸਿੰਘ ਕਲੱਰਮਾਜਰੀ ਦੇਣਗੇ। ਇਸ ਸੈਮੀਨਾਰ ਵਿਚ ਮੁੱਖ ਮਹਿਮਾਨ ਵਿਦਵਾਨ, ਚਿੰਤਕ ਤੇ ਗੀਤਕਾਰ ਮਦਨ ਜਲੰਧਰੀ ਹੋਣਗੇ। ਪ੍ਰਧਾਨਗੀ ਬਲਵਿੰਦਰ ਸਿੰਘ ਜਾਤੀਵਾਲ ਪਟਿਆਲਾ ਕਰਨਗੇ। ਇਸ ਸੈਮੀਨਾਰ ਦੀਆਂ ਤਿਆਰੀਆਂ ਸਬੰਧੀ ਵਿਸ਼ੇਸ਼ ਤੌਰ ਤੇ ਮੀਟਿੰਗ ਕਮਿਊਨਿਟੀ ਹਾਲ 120 ਫੁੱਟੀ ਰੋਡ ਤੇ ਕੀਤੀ ਗਈ। ਜ਼ਿਲ੍ਹਾ ਕੋਆਰਡੀਨੇਟਰ ਪ੍ਰੋ. ਲਾਲ ਬਹਾਦਰ ਭਾਟੀਆ ਦੀ ਅਗਵਾਈ ਵਿਚ ਹੋਈ ਮੀਟਿੰਗ ਵਿਚ ਉੱਘੇ ਸਮਾਜ ਸੇਵਕ ਤੇ ਰਿਟਾ. ਬੈਂਕ ਮੈਨੇਜਰ ਜਗਦੀਸ਼ ਕੁਮਾਰ ਡਾਲੀਆ, ਜੀ ਰਾਜ ਅੰਗਰਾਲ , ਭਜਨ ਲਾਲ, ਪ੍ਰਤਾਪ ਸਾਰੰਗਲ, ਓਮ ਪ੍ਰਕਾਸ਼ ਲੋਚ, ਕੈਪਟਨ ਦਇਆ ਰਾਮ ਤੇ ਲਾਲਾ ਜੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਗੁਰੂ ਰਵਿਦਾਸ ਮੰਦਿਰ ਦੇ ਸੇਵਾਦਾਰ ਵਿਕੀ ਖਿੰਦਰ , ਪ੍ਰਿੰਸ ਖਿੰਦਰ ਅਤੇ ਹਰਿ-ਬਲਾਸ ਹਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। **ਫੋਟੋ ਅਜਮੇਰ ਦੀਵਾਨਾ**

# ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਯੂਜੀਸੀ ਐਕਟ 2016 ਨੂੰ ਤੁਰੰਤ ਲਾਗੂ ਕਰਨ ਲਈ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

## ਬਹੁਤੇ ਉੱਚ-ਵਿੱਦਿਅਕ ਅਦਾਰਿਆਂ ਵਿੱਚ ਪੱਛੜੇ ਅਤੇ ਗਰੀਬ ਵਿਦਿਆਰਥੀਆਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਹੈ : ਬੰਟੀ ਹਰਿਆਣਾ

**ਹੁਸ਼ਿਆਰਪੁਰ 27 ਮਾਰਚ (ਤਰਸੇਮ ਦੀਵਾਨਾ)-** ਬੇਗਮਪੁਰਾ ਟਾਈਗਰ ਫੋਰਸ ਪੰਜਾਬ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਹਲਕਾ ਸ਼ਾਮ ਚੁਰਾਸੀ ਦੇ ਪ੍ਰਧਾਨ ਬੰਟੀ ਹਰਿਆਣਾ ਦਈ ਪ੍ਰਧਾਨਗੀ ਹੇਠ ਭਾਰਤ ਦੇ ਰਾਸ਼ਟਰਪਤੀ ਨੂੰ ਤਹਿਸੀਲ ਭੂੰਗਾ ਦੇ ਨਾਇਬ ਤਹਿਸੀਲਦਾਰ ਰਾਜ ਕੁਮਾਰ ਰਾਹੀਂ ਯੂਜੀਸੀ ਐਕਟ 2016 ਨੂੰ ਹੂਬਹੂ ਤੁਰੰਤ ਲਾਗੂ ਕਰਨ ਸਬੰਧੀ ਇੱਕ ਮੰਗ ਪੱਤਰ ਭੇਜਿਆ ਗਿਆ। ਇਸ ਸਬੰਧੀ ਬੰਟੀ ਹਰਿਆਣਾ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਐਸਸੀ, ਐਸ ਟੀ, ਬੀਸੀ ਅਤੇ ਅੰਗਹੀਣ ਕੈਟਾਗਰੀਆਂ ਦੇ ਵਿਦਿਆਰਥੀਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਯੂਜੀਸੀ ਐਕਟ 2016 ਬਣਾਇਆ ਸੀ, ਜਿਸ ਨੂੰ ਭਾਰਤ ਸਰਕਾਰ ਨੇ 13 ਜਨਵਰੀ 2016 ਨੂੰ ਲਾਗੂ ਕਰ ਦਿੱਤਾ ਸੀ। ਉਹਨਾਂ ਕਿਹਾ ਕਿ ਇਸ ਐਕਟ ਰਾਹੀਂ ਸਮਾਜ ਦੇ ਗਰੀਬ ਅਤੇ ਦਲਿਤ ਵਿਦਿਆਰਥੀਆਂ ਨੂੰ ਉੱਚ-ਵਿੱਦਿਅਕ ਅਦਾਰਿਆਂ ਵਿੱਚ ਹੋ ਰਹੇ ਦੁਰਵਿਵਹਾਰ ਨੂੰ ਰੋਕਣ ਦੀਆਂ ਸਖਤ ਹਦਾਇਤਾਂ ਸਨ। ਜਿਨਾਂ ਨਾਲ ਇਹਨਾਂ ਵਿਦਿਆਰਥੀਆਂ ਨੂੰ ਵੀ ਜਨਰਲ ਵਰਗ ਦੇ ਵਿਦਿਆਰਥੀਆਂ ਵਾਂਗ ਸਮਾਨ ਮੌਕੇ ਦੇਣ ਦੀ ਵਿਵਸਥਾ ਹੈ। ਇਹਨਾਂ ਵਿਦਿਆਰਥੀਆਂ ਵਿਰੁੱਧ ਅਪਮਾਨਜਨਕ ਮਾਹੌਲ ਬਣਾਉਣ ਦੀ ਪਾਬੰਦੀ ਲਗਾਈ ਗਈ ਹੈ ਅਤੇ ਦੋਸ਼ੀ ਵਿਦਿਆਰਥੀਆਂ ਵਿਰੁੱਧ ਨੂੰ ਸਖਤ ਸਜ਼ਾ ਦੇਣ ਦੀ ਵਿਵਸਥਾ ਹੈ, ਜਿਸ ਨਾਲ ਸਮਾਜ ਦੇ ਗਰੀਬ ਵਿਦਿਆਰਥੀਆਂ ਨੂੰ ਉੱਚ ਵਿੱਦਿਅਕ ਅਦਾਰਿਆਂ ਵਿੱਚ ਵਧੀਆ ਮਾਹੌਲ ਮਿਲਣ ਨਾਲ ਉਹਨਾਂ ਦਾ ਮਨੋਬਲ ਬਹੁਤ ਉੱਚਾ ਹੋਣ ਦੀ ਆਸ ਹੈ । ਉਹਨਾ



ਦੁਖੀ ਮਨ ਨਾਲ ਦੱਸਿਆ ਕਿ ਦੇਸ਼ ਦੇ ਬਹੁਤੇ ਉੱਚ-ਵਿੱਦਿਅਕ ਅਦਾਰਿਆਂ ਵਿੱਚ ਸਮਾਜ ਦੇ ਪਿਛੜੇ ਅਤੇ ਗਰੀਬ ਵਿਦਿਆਰਥੀਆਂ ਨਾਲ ਬਹੁਤ ਮਾੜਾ ਵਿਵਹਾਰ ਕੀਤਾ ਜਾਂਦਾ ਹੈ, ਜਿਸ ਕਾਰਨ ਬੀਤੇ ਸਮੇਂ ਵਿੱਚ ਕਈ ਵਿਦਿਆਰਥੀ ਨੇ ਵਿਵਸਥਾ ਤੋਂ ਦੁਖੀ ਹੋ ਕੇ ਆਤਮ-ਹੱਤਿਆ ਵੀ ਕਰ ਲਈ। ਉਹਨਾਂ ਕਿਹਾ ਕਿ ਅਜਿਹੀਆਂ ਅਨੈਤਿਕ ਅਤੇ ਘਿਨੌਣੀਆਂ ਕਾਰਵਾਈਆਂ ਨੂੰ ਰੋਕਣ ਲਈ ਯੂਜੀਸੀ ਐਕਟ 2016 ਬਹੁਤ ਸਹਾਈ ਹੋਣ ਦੀ ਆਸ ਹੈ। ਉਹਨਾਂ ਦੋਸ਼ ਲਗਾਉਂਦੇ ਹੋਏ ਕਿਹਾ ਕਿ ਇਸ ਐਕਟ ਨਾਲ ਸਮਾਜ ਦੇ ਉੱਚ ਜਾਤੀਆਂ ਦੇ ਲੋਕ ਦੇ ਹੰਕਾਰ ਨੂੰ ਬਹੁਤ ਸੱਟ ਵੱਜੀ ਹੈ, ਜਿਸ ਕਾਰਨ ਉਹਨਾਂ ਨੇ ਇਸ ਐਕਟ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਮਾਣਯੋਗ ਸੁਪਰੀਮ ਕੋਰਟ ਨੇ ਇਸ ਐਕਟ ਤੇ ਰੋਕ ਲਗਾ ਦਿੱਤੀ ਹੈ। ਉਹਨਾਂ ਮੰਗ ਕੀਤੀ ਕਿ ਐਸਸੀ , ਐਸਟੀ, ਬੀਸੀ ਅਤੇ ਅੰਗਹੀਣ ਕੈਟਾਗਰੀਆਂ ਦੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਨੂੰ ਦੇਖਦੇ ਹੋਏ ਯੂਜੀਸੀ ਐਕਟ 2026 ਨੂੰ ਤੁਰੰਤ ਲਾਗੂ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋ ਇਲਾਵਾ ਰਵਿੰਦਰਾ, ਸੁਖਵਿੰਦਰ ਸਿੰਘ, ਰਮਨ ਕੁਮਾਰ ਆਦਿ ਹਾਜ਼ਰ ਸਨ !

ਫੋਟੋ ਅਜਮੇਰ ਦੀਵਾਨਾ

# ਵਿਦਿਆਰਥੀ ਨੂੰ ਅੱਗ ਤੋਂ ਬਚਾਉਣ ਵਾਲੇ ਅਧਿਆਪਕ ਦਾ ਸਨਮਾਨ

**ਵੈਨਕੂਵਰ, 27 ਮਾਰਚ (ਮਲਕੀਤ ਸਿੰਘ)** – ਕਨੇਡਾ ਦੇ ਸਸਕਾਟੂਨ ਸ਼ਹਿਰ ਵਿੱਚ ਇਕ ਅਧਿਆਪਕ ਵੱਲੋਂ ਵਿਦਿਆਰਥੀ ਦੀ ਜਾਨ ਬਚਾਉਣ ਲਈ ਦਿਖਾਈ ਗਈ ਬਹਾਦਰੀ ਵਜੋਂ ਸਨਮਾਨਿਤ ਕੀਤਾ ਗਿਆ ਹੈ। ਸੀਨ ਹੇਜ਼ ਨਾਮ ਦੇ ਇਸ ਅਧਿਆਪਕ ਨੇ ਕਿਹਾ ਕਿ ਅਚਾਨਕ ਅੱਗ ਲੱਗਣ ਦੀ ਘਟਨਾ ਸਮੇਂ ਉਸ ਕੋਲ ਸੋਚਣ ਜਾਂ ਕੋਈ ਯੋਜਨਾ ਬਣਾਉਣ ਲਈ ਸਮਾਂ ਹੀ ਨਹੀਂ ਸੀ ਅਤੇ ਉਹਨਾਂ ਨੇ ਤੁਰੰਤ ਕਾਰਵਾਈ ਕਰਦੇ ਹੋਏ ਵਿਦਿਆਰਥੀ ਦੀ ਜਾਨ ਬਚਾਈ। ਇਹ ਘਟਨਾ 5 ਸਤੰਬਰ 2024 ਨੂੰ ਸਸਕਾਟੂਨ ਦੇ ਇੱਕ ਹਾਈ ਸਕੂਲ ਵਿੱਚ ਵਾਪਰੀ ਸੀ, ਜਿੱਥੇ ਇੱਕ ਵਿਦਿਆਰਥੀ ਅਚਾਨਕ ਅੱਗ ਦੀ ਲਪੇਟ ਵਿੱਚ ਆ ਗਿਆ ਸੀ। ਜਾਣਕਾਰੀ ਅਨੁਸਾਰ ਇਸ ਹਫ਼ਤੇ ਕਾਰਨੇਗੀ ਹੀਰੋ ਫੰਡ ਵੱਲੋਂ ਸਨਮਾਨ ਮਿਲਣ ਤੋਂ ਬਾਅਦ ਸੀਨ ਹੇਜ਼ ਨੇ ਪਹਿਲੀ ਵਾਰ ਇਸ ਘਟਨਾ ਬਾਰੇ ਜਨਤਕ ਤੌਰ 'ਤੇ ਆਪਣੀ ਚੁੱਪੀ ਤੋੜੀ ਅਤੇ ਇੱਕ ਸੰਖੇਪ ਬਿਆਨ ਜਾਰੀ ਕੀਤਾ।



**ਅਧਿਆਪਕ ਸੀਨ ਹੇਜ਼ ਦੀ ਇੱਕ ਤਸਵੀਰ।**

# ਬੀਬੀ ਸ਼ਾਤੀ ਖਟਾਣਾ ਕੈਨੇਡਾ ਵਿਖੇ ਆਪਣੀ ਸੁਆਸਾਂ ਦੀ ਪੂੰਜੀ ਭੋਗਦੇ ਹੋਏ ਗੁਰੂ ਚਰਨਾਂ 'ਚ ਜਾ ਬਿਰਾਜੇ



**ਨਵਾਂਸ਼ਹਿਰ /ਕਾਠਗੜ੍ਹ 27 ਮਾਰਚ( ਜਤਿੰਦਰ ਪਾਲ ਸਿੰਘ ਕਲੇਰ )** ਬੀਬੀ ਸ਼ਾਤੀ ਖਟਾਣਾ ਪਤਨੀ ਸਵਰਗਵਾਸੀ ਮੋਹਿੰਦਰ ਪਾਲ ਖਟਾਣਾ (ਰੱਤੇਵਾਲ ਵਾਲੇ )ਹਾਲ ਅਬਾਦ ਕਾਠਗੜ੍ਹ ਜੋ ਲੰਮੇ ਸਮੇਂ ਤੋਂ ਬਰਾਮਪਟਨ (ਕੈਨੇਡਾ) ਵਿੱਚ ਆਪਣੀ ਵੱਡੇ ਸਪੁੱਤਰ ਰਾਜ ਕੁਮਾਰ ਖਟਾਣਾ ਕੋਲ ਰਹਿੰਦੇ ਸਨ। ਉਹ ਕੁਝ ਸਮੇਂ ਤੋਂ ਸੰਖੇਪ ਜਿਹੀ ਬੀਮਾਰੀ ਪੀੜਿਤ ਸਨ ਜੋ ਬੀਤੀ ਆਪਣੇ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ ।ਉਨ੍ਹਾਂ ਦੇ ਛੋਟੇ ਪੁੱਤਰ ਸੂਰਜ ਖਟਾਣਾ ਇੰਸਪੈਕਟਰ ਵਿਜਿਲੈਂਸ ਚੰਡੀਗੜ੍ਹ ਅਤੇ ਰਾਜ ਕੁਮਾਰ ਖਟਾਣਾ ਕੈਨੇਡਾ ਨੇ ਦੱਸਿਆਂ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਬਰਾਮਪਟਨ ਕੈਨੇਡਾ ਵਿਖੇ ਅੱਜ ਹੋਵੇਗਾ । ਉਹ ਆਪਣੇ ਪਿੱਛੇ ਪੰਜਾਬ ਅਤੇ ਕੈਨੇਡਾ ਵਿੱਚੋਂ ਪਰਿਵਾਰਿਕ ਫੁੱਲਵਾੜੀ ਵਿੱਚ ਦੋ ਪੁੱਤਰ, ਇੱਕ ਧੀ ਅਤੇ ਦੋਹਤਰਿਆ ਪੋਤਰਿਆ ਦਾ ਭਰਿਆ ਪਰਿਵਾਰ ਛੱਡ ਗਏ ਹਨ । ਉਹ 81 ਸਾਲਾਂ ਦੇ ਸਨ ।ਉਨ੍ਹਾਂ ਨਮਿਤ ਅੱਜ ਅਲਾਹਾਣੀਆਂ ਦਾ ਪਾਠ ਸ਼ਾਮ ਗੁਰਦਵਾਰਾ ਸਾਹਿਬ ਉਨਟਾਰੀਓ ਖਾਲਸਾ ਦਰਬਾਰ ਈਸਟ ਹਾਲ ਕੈਨੇਡਾ ਵਿਖੇ ਹੋਵੇਗਾ ।ਉਨ੍ਹਾਂ ਦੇ ਅਫਸੋਸ਼ ਸਬੰਧੀ ਇਕੱਠ ਵਿਚਾਰ ਮਿਤੀ 2 ਅਪ੍ਰੈਲ ਅਤੇ 3 ਅਪ੍ਰੈਲ 2026 ਨੂੰ ਉਨ੍ਹਾਂ ਦੇ ਜੱਦੀ ਘਰ ਪਿੰਡ ਕਾਠਗੜ੍ਹ ਤਹਿ ਬਲਾਚੌਰ ਜਿਲ੍ਹਾ ਸ ਭ ਸ ਨਗਰ ਪੰਜਾਬ (ਭਾਰਤ ) ਵਿਖ਼ੇ ਹੋਵ-ੇਗਾ ।ਜਦੋ ਕੇ ਅੰਤਿਮ ਅਰਦਾਸ ਪਰਿਵਾਰ ਵਲੋਂ ਕਾਠਗੜ੍ਹ ਵਿਖੇ 10 ਅਪ੍ਰੈਲ ਨੂੰ ਕਾਠਗੜ੍ਹ ਵਿਖੇ ਕਰਵਾਈ ਜਾਵੇਗੀ।

# ਐਲ.ਪੀ.ਜੀ, ਪੈਟਰੋਲ ਤੇ ਡੀਜ਼ਲ ਦੀ ਸਪਲਾਈ ਲਗਾਤਾਰ ਜਾਰੀ, ਘਬਰਾਉਣ ਦੀ ਲੋੜ ਨਹੀਂ - ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਕਿਹਾ ਕਿ ਜ਼ਿਲ੍ਹੇ ਵਿੱਚ ਐਲ.ਪੀ.ਜੀ, ਪੈਟਰੋਲ ਅਤੇ ਡੀਜ਼ਲ ਦੀ ਸਰਕਾਰੀ ਲਗਾਤਾਰ ਜਾਰੀ ਹੈ ਅਤੇ ਕਿਸੇ ਨੂੰ ਇਸ ਸੰਬੰਧ ਵਿੱਚ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੈਟਰੋਲ ਪੰਪਾਂ 'ਤੇ ਲਗਾਤਾਰ ਪੈਟਰੋਲ ਅਤੇ ਡੀਜ਼ਲ ਦੀ ਸਪਲਾਈ ਯਕੀਨੀ ਬਣਾਈ ਜਾ ਰਹੀ ਹੈ ਅਤੇ ਲੋਕਾਂ ਨੂੰ ਠਰੰਮੇ ਨਾਲ ਕੰਮ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੱਧ ਪੂਰਬ ਵਿੱਚ ਪੈਦਾ ਹੋਈ ਸਥਿਤੀ ਨਾਲ ਸੰਕਟ ਜ਼ਰੂਰ ਪੈਦਾ ਹੋਇਆ ਹੈ ਪਰ ਗੈਸ ਅਤੇ ਤੇਲ ਲੋਕਾਂ ਨੂੰ ਲਗਾਤਾਰ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤੇਲ ਅਤੇ ਗੈਸ ਦੀ ਸਪਲਾਈ 'ਤੇ ਲਗਾਤਾਰ ਨਜ਼ਰਸਾਨੀ ਕੀਤੀ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ । ਉਨ੍ਹਾਂ ਕਿਹਾ ਕਿ ਘਰੇਲੂ ਖਪਤਕਾਰਾਂ ਲਈ ਐਲ.ਪੀ.ਜੀ ਗੈਸ ਦੀ ਕੋਈ ਕਮੀ ਨਹੀਂ ਹੋਵੇਗੀ ਅਤੇ ਵਪਾਰਕ ਕਾਰਜਾਂ ਲਈ ਵੀ ਲੋੜ ਅਨੁਸਾਰ ਸਿਲਾਈ ਦਿੱਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਪਾਰਕ ਐਲ.ਪੀ.ਜੀ ਸਪਲਾਈ ਸੰਬੰਧੀ ਨਿਰਧਾਰਤ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾ ਰਹੀ ਹੈ ਜਦਕਿ ਮੈਡੀਕਲ ਅਤੇ ਵਿਦਿਅਕ ਸੰਸਥਾਵਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ,



ਜਦੋਂ ਕਿ ਉਦਯੋਗਿਕ ਕੰਟੀਨਾਂ ਅਤੇ ਹੋਰ ਵਪਾਰਕ ਅਦਾਰਿਆਂ ਨੂੰ ਸੰਤੁਲਨ ਬਣਾਈ ਰੱਖਣ ਅਤੇ ਜ਼ਰੂਰੀ ਸੇਵਾਵਾਂ ਨੂੰ ਪ੍ਰਭਾਵਿਤ ਨਾ ਕਰਨ ਲਈ ਸੀਮਤ ਮਾਤਰਾ ਵਿੱਚ ਸਪਲਾਈ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਵਿੱਚ ਕੁਝ ਥਾਵਾਂ 'ਤੇ ਪੈਟਰੋਲ ਪੰਪਾਂ 'ਤੇ ਕਮੀ ਦੇਖੀ ਗਈ। ਉਨ੍ਹਾਂ ਸਪੱਸ਼ਟ ਕੀਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਸਾਰੀਆਂ ਪੈਟਰੋਲੀਅਮ ਕੰਪਨੀਆਂ ਨਾਲ ਲਗਾਤਾਰ ਤਾਲਮੇਲ ਵਿੱਚ ਹੈ ਅਤੇ ਸਥਿਤੀ ਬਿਲਕੁਲ ਠੀਕ ਹੈ। ਆਸ਼ਿਕਾ ਜੈਨ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਵਿੱਚ ਨਾ ਆਉਣ ਅਤੇ ਜਮ੍ਹਾਂਖੋਰੀ ਤੋਂ ਬਚਣ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਸਮੇਂ ਸਿਰ ਦਿਸ਼ਾ-ਨਿਰਦੇਸ਼ ਮਿਲ ਰਹੇ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਸਾਰੀਆਂ ਸਬੰਧਤ ਕੰਪਨੀਆਂ ਨਾਲ ਤਾਲਮੇਲ ਕਰਕੇ ਜ਼ਰੂਰੀ ਕਦਮ ਚੁੱਕ ਰਿਹਾ ਹੈ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੈਸ ਏਜੰਸੀਆਂ ਅਤੇ ਪੈਟਰੋਲ ਪੰਪਾਂ ਤੇ ਰੱਖੀ ਜਾ ਰਹੀ ਹੈ ਪੈਨੀ ਨਜ਼ਰ - ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਨੇ ਜ਼ਿਲ੍ਹਾ ਵਾਸੀਆ ਨੂੰ ਭਰੋਸਾ ਦੁਆਇਆ ਕਿ ਜ਼ਿਲ੍ਹੇ ਵਿੱਚ ਐਲ.ਪੀ.ਜੀ. ਸੈਲੰਡਰ, ਪੈਟਰੋਲ ਜਾਂ ਡੀਜ਼ਲ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆ ਨੂੰ ਅਪੀਲ ਕੀਤੀ ਕਿ ਜ਼ਿਲ੍ਹੇ ਵਿੱਚ ਜ਼ਰੂਰੀ ਵਸਤਾਂ ਦੀ ਉਪਲਬੱਧਤਾ ਬਾਰੇ ਡਰਨ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਗੈਸ ਏਜੰਸੀਆਂ 'ਤੇ ਪੈਨੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਕਿਸੇ ਵੀ ਤਰ੍ਹਾਂ ਕਾਲਾ ਬਾਜ਼ਾਰੀ ਨਹੀਂ ਹੋਣ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੁਹਾਰਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਡੀਜ਼ਲ ਤੇ ਪੈਟਰੋਲ ਅਤੇ ਐਲ.ਪੀ.ਜੀ. ਦੀ ਉਪਲੱਬਤਾ ਨੂੰ ਯਕੀਨੀ



ਬਣਾਉਣ ਲਈ ਸਥਿਤੀ ਉਤੇ ਬਾਰੀਕੀ ਨਾਲ ਨਿਗਰਾਨੀ ਕੀਤੀ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਸਮੇਂ ਸਮੇਂ 'ਤੇ ਅਧਿਕਾਰੀਆਂ, ਐਲ.ਪੀ.ਜੀ ਅਤੇ ਪੈਟਰੋਲੀਅਮ ਡੀਲਰਾਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਵਿੱਚ ਜਰੂਰੀ ਚੀਜਾਂ ਦੇ ਸਟਾਕ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਲੋੜੀਂਦੀ ਮਾਤਰਾ ਵਿੱਚ ਐਲ.ਪੀ.ਜੀ. ਅਤੇ ਪੈਟਰੋਲੀਅਮ ਪਦਾਰਥ ਉਪਲਬੱਧ ਹਨ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਦੀ ਲੋੜ ਨਹੀਂ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆ ਨੂੰ ਅਪੀਲ ਕੀਤੀ ਕਿ ਘਬਰਾਕੇ ਪੈਟਰੋਲ,ਡੀਜ਼ਲ ਤੇ ਐਲ.ਪੀ.ਜੀ.ਸਿਲੰਡਰ ਖ਼ਰੀਦ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹਾ ਵਤੀਰਾ ਬੇਲੋੜੀ ਪਰੇਸ਼ਾਨੀ ਅਤੇ ਸਪਲਾਈ ਚੇਨ ਦੇ ਪ੍ਰਬੰਧ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਪਹਿਲਾਂ ਹੀ ਜਰੂਰੀ ਚੀਜਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਜਰੂਰੀ ਸੇਵਾਵਾਂ ਪ੍ਰਬੰਧਨ ਕਾਨੂੰਨ (ਈ.ਐਸ.ਐਮ.ਏ.) ਨੂੰ ਲਾਗੂ ਕੀਤਾ ਗਿਆ ਹੈ। ਉਨ੍ਹਾਂ ਤਾੜਨਾ ਕੀਤੀ ਜਰੂਰੀ ਚੀਜਾਂ ਜਿਵੇਂ ਐਲ.ਪੀ.ਜੀ. ਸਿਲੰਡਰ ਅਤੇ ਪੈਟਰੋਲੀਅਮ ਪਦਾਰਥਾਂ ਦੀ ਕਾਲਾ ਬਜਾਰੀ ਕਰਨ ਵਾਲਿਆ ਖਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਕਾਵਿ ਵਿਅੰਗ

## ਟਰੰਪ ਦੀ ਹਾਲਤ



ਕੋਈ ਮਾੜਾ ਤਕੜੇ ਨਾਲ਼ੋਂ ਵੀ
ਚੀੜ੍ਹਾ ਹੋ ਸਕਦੈ ਹੱਡ ਦਾ ।
ਕੋਈ ਤਕੜਾ ਟੇਢੇ ਢੰਗਾਂ ਨਾਲ
ਦੇਖਿਆ ਪੱਲਾ ਵੀ ਅੱਡਦਾ ।
ਪੁੱਛਦਾ ਹੈ ਕੋਈ ਲਿਹਾਜ਼ੀ ਜਦ,
ਅੱਗੋਂ ਚੁੱਪ ਕੁਰਲਾਉਂਦੀ ਐ ;
ਹੁਣ ਮੈਂ ਤਾਂ ਕੰਬਲ਼ ਨੂੰ ਛੱਡਦਾਂ ,
ਮੈਨੂੰ ਕੰਬਲ਼ 'ਨੀਂ ਛੱਡਦਾ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ : 9914836037**

## "ਨਿੱਕੀ ਜ਼ਿੰਦਗੀ"

ਨਿੱਕੀ ਜ਼ਿੰਦਗੀ ਸਫਰ ਲੰਮੇਰੇ,
ਯਾਦਾਂ ਘੁੰਮਣ ਚਾਰ ਚੁਫ਼ੇਰੇ।
ਜਿਨਾਂ ਹੁੰਦਾ ਸਾਥ ਨਿਭਾਇਆ,
ਭੁੱਲਦੇ ਨਾ ਉਹ ਆਪਣੇ ਚਿਹਰੇ।
ਪਿੱਠ ਪਿੱਛੇ ਜਿਨਾਂ ਨਿੰਦਿਆ ਹੁੰਦਾ,
ਉਹ ਵੀ ਦਿੰਦੇ ਸਬਕ ਵਧੇਰੇ।
ਦਰਦਾਂ ਤੇ ਉਹ ਮੱਲ੍ਹਮ ਲਾਉਂਦੇ,
ਮਿਲੇ ਜੋ ਲੈਕੇ ਹੱਸਦੇ ਚਿਹਰੇ।
ਯਾਦਾਂ ਦੇ ਫੁੱਲ ਜ਼ਿੰਦਗੀ ਅੰਦਰ,
ਖਿੜੇ ਰਹਿੰਦੇ ਨੇ, ਚੱਤੋਂ ਪਹਿਰੇ।
ਅਕਸਰ ਵਿਛੜੇ ਮਿਲ ਜਾਂਦੇ ਨੇ,
ਜ਼ਿੰਦਗੀ ਵਾਲੇ ਗੋਲ ਨੇ ਘੇਰੇ।
ਆਪਣਿਆਂ ਉੱਤੋਂ, ਸਦਕੇ ਜਾਈਏ,
ਘੱਟ ਮਿਲਦੇ ਇੱਥੇ, ਆਪਣੇ ਚਿਹਰੇ।
ਜ਼ਿੰਦਗੀ ਹੁੰਦੀ, ਪੰਡ ਯਾਦਾਂ ਦੀ,
ਰਸਤੇ ਲੰਮੇ, ਦਰਦ ਬਥੇਰੇ।
ਦਿਲ ਤੋਂ ਜਿਹੜੇ ਮਿਲੇ ਹੁੰਦੇ ਨੇ,
ਭੁੱਲਦੇ ਨਹੀਓ,ਅਕਸਰ ਚਿਹਰੇ।
ਦੋ ਪਲ ਕਿਸੇ ਨੂੰ ਮਿਲਣ, ਜੇ ਜਾਓ,
ਮਿਲੋ ਨਾ ਲੈ ਕੇ ਰੋਂਦੇ ਚਿਹਰੇ।
ਹੱਸਦਿਆਂ ਦੇ ਘਰ ਵਸਦੇ ਹੁੰਦੇ,
ਪਸੰਦ ਲੋਕਾਂ ਨੂੰ ਹੱਸਦੇ ਚਿਹਰੇ।
ਖੱਟੀਆਂ ਮਿੱਠੀਆਂ ਯਾਦਾਂ ਜ਼ਿੰਦਗੀ,
ਇੱਕ ਛੱਡੀਏ ਹੋਰ, ਪੰਧ ਬਥੇਰੇ।
ਨਵੇਂ ਰਾਹਾਂ ਤੇ ਤੁਰੀਏ ਹੱਸ ਕੇ,
ਸੱਜਣ ਸਾਥੀ ਹੋਰ ਵਧੇਰੇ।
ਆਸ ਦਾ ਸੂਰਜ ਨਿਕਲ ਆਉਂਦਾ,
ਹੋਵਣ ਭਾਵੇਂ ਲੱਖ ਹਨ੍ਹੇਰੇ।
ਬੰਦਾ ਜ਼ਿੰਦਗੀ ਜਿੱਤ ਜਾਂਦਾ ਹੈ,
ਸੋਚ ਚੰਗੀ ਨਾਲ, ਨਾਲ਼ ਵੱਡੇ ਜਿਹਰੇ।
ਸੰਦੀਪ ਉਹ ਸੱਜਣ, ਸਾਹਾਂ ਵਰਗੇ,
ਦੁੱਖ 'ਚ ਜਿੰਨਾਂ ਨੇ ਮੂੰਹ ਨਾ ਫੇਰੇ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:– 98153 21017**

## ਸੱਚੀਆਂ ਗੱਲਾਂ

1.ਝੂਠੇ ਦੀ ਗਵਾਹੀ ਏਥੇ,
ਹਰ ਕੋਈ ਭਰਦਾ ਵੇਖਿਆ ਮੈਂ।
ਸੱਚ ਦੱਸਾਂ ਇਸ ਦੁਨੀਆਂ ਅੰਦਰ,
ਸੱਚ ਹੀ ਮਰਦਾ ਵੇਖਿਆ ਮੈਂ ।

2. ਪੀਰਾਂ ਲਈ ਕੱਚੀ ਲੱਸੀ ਹੈ,
ਦੁੱਧ ਬੁਬਨੇ ਦਾ ਕੜ੍ਹਦਾ ਵੇਖਿਆ ਮੈਂ ।
ਸੱਚ ਦੱਸਾਂ ਇਸ ਦੁਨੀਆਂ ਅੰਦਰ,
ਸੱਚ ਹੀ ਮਰਦਾ ਵੇਖਿਆ ਮੈਂ......

3. ਰੰਨਾਂ ਵਿਚ ਧੰਨਾ ਐਸ਼ ਕਰੇ,
ਗੱਲੀਂ-ਬਾਤੀਂ ਸਰਦਾ ਵੇਖਿਆ ਮੈਂ।
ਸੱਚ ਦੱਸਾਂ ਇਸ ਦੁਨੀਆਂ ਅੰਦਰ,
ਸੱਚ ਹੀ ਮਰਦਾ ਵੇਖਿਆ ਮੈਂ ।

4. ਸੈਦੇ ਕਾਣੇ ਲੈ ਜਾਣ ਹੀਰਾਂ,
ਰਾਂਝਾ ਦੁਖੜੇ ਜਰਦਾ ਵੇਖਿਆ ਮੈਂ ।
ਸੱਚ ਦੱਸਾਂ ਇਸ ਦੁਨੀਆਂ ਅੰਦਰ,
ਸੱਚ ਹੀ ਮਰਦਾ ਵੇਖਿਆ ਮੈਂ ।

5.ਦੀਵੇ ਵਾਲੀ ਲੋਅ ਦੇ ਉੱਤੇ,
ਜੁਗਨੂੰ ਸੜਦਾ ਵੇਖਿਆ ਮੈਂ ।
ਸੱਚ ਦੱਸਾਂ ਇਸ ਦੁਨੀਆਂ ਅੰਦਰ,
ਸੱਚ ਹੀ ਮਰਦਾ ਵੇਖਿਆ ਮੈਂ ।

6. ਥੱਲਿਓਂ ਲੱਤਾਂ ਖਿੱਚਣ ਵਾਲਾ,
ਹੱਥ ਉੱਤੇ ਧਰਦਾ ਵੇਖਿਆ ਮੈਂ ।
ਸੱਚ ਦੱਸਾਂ ਇਸ ਦੁਨੀਆਂ ਅੰਦਰ,
ਸੱਚ ਹੀ ਮਰਦਾ ਵੇਖਿਆ ਮੈਂ ।

7. ਜਦ ਵਾੜ ਖੇਤ ਨੂੰ ਖਾਣ ਲੱਗੀ,
ਉਹਦਾ ਰਾਖਾ ਡਰਦਾ ਵੇਖਿਆ ਮੈਂ ।
ਸੱਚ ਦੱਸਾਂ ਇਸ ਦੁਨੀਆਂ ਅੰਦਰ,
ਸੱਚ ਹੀ ਮਰਦਾ ਵੇਖਿਆ ਮੈਂ ।

8.ਪੱਖਿਆਂ ਵਾਲੇ ਪੌਣ ਮਾਣਦੇ,
ਉੱਦਮ ਹਰਦਾ ਵੇਖਿਆ ਮੈਂ ।
ਸੱਚ ਦੱਸਾਂ ਇਸ ਦੁਨੀਆਂ ਅੰਦਰ,
ਸੱਚ ਹੀ ਮਰਦਾ ਵੇਖਿਆ ਮੈਂ ।



9. ਕਿਵੇਂ 'ਦਾਨੀ' ਬੇ-ਪਰਦ ਕਰਾਂ,
ਐਸਾ ਵੀ ਪਰਦਾ ਵੇਖਿਆ ਮੈਂ।
ਸੱਚ ਦੱਸਾਂ ਇਸ ਦੁਨੀਆਂ ਅੰਦਰ,
ਸੱਚ ਹੀ ਮਰਦਾ ਵੇਖਿਆ ਮੈਂ ।

**ਗੁਰਦੀਪ ਦਾਨੀ ਪਿੰਡ ਫੁੱਲੋ ਮਿੱਠੀ।**
**ਸੇਵਾ ਮੁਕਤ ਸਹਾਇਕ ਥਾਣੇਦਾਰ,**
**94170-79316**
**88473-57895**

## "ਵਰਕਿਆਂ ਦੀ ਚੁੱਪ"

ਉਮਰਾਂ ਦੀ ਕਿਤਾਬ ਦੇ ਵਰਕੇ, ਹਵਾ ਨੇ ਐਸੇ ਫੋਲ ਦਿੱਤੇ,
ਮੋਹ-ਮਾਇਆ ਦੇ ਝੂਠੇ ਅੱਖਰ, ਮਿੱਟੀ ਦੇ ਵਿੱਚ ਰੋਲ ਦਿੱਤੇ।
ਜੋ ਭੇਤ ਛੁਪਾਏ ਸੀਨੇ ਵਿੱਚ, ਉਹ ਸਭ ਦੇ ਅੱਗੇ ਖੋਲ੍ਹ ਦਿੱਤੇ...
ਉਮਰਾਂ ਦੀ ਕਿਤਾਬ ਦੇ ਵਰਕੇ, ਹਵਾ ਨੇ ਐਸੇ ਫੋਲ ਦਿੱਤੇ!
ਚਾਨਣ ਦੀ ਇੱਕ ਭਾਲ 'ਚ ਬੰਦਿਆ, ਸਾਰੀ ਉਮਰ ਗੁਜ਼ਾਰੀ,
ਢਲਿਆ ਸੂਰਜ, ਸ਼ਾਮਾਂ ਪੈ ਗਈਆਂ, ਛਾਅ ਗਈ ਰਾਤ ਅੰਧਾਰੀ।
ਬੀਤੇ ਸਾਹਾਂ ਦੀ ਪੈੜ ਨਾ ਲੱਭਦੀ, ਵਕਤ ਨੇ ਐਸੇ ਬੋਲ ਦਿੱਤੇ...
ਉਮਰਾਂ ਦੀ ਕਿਤਾਬ ਦੇ ਵਰਕੇ, ਹਵਾ ਨੇ ਐਸੇ ਫੋਲ ਦਿੱਤੇ!
ਪੱਤੇ ਟੁੱਟ ਉੱਡ ਗਏ ਜਦ ਵੀ, ਵਗਦੀਆਂ ਤੇਜ਼ ਹਵਾਵਾਂ ਨਾਲ,
ਰੁੱਖਾਂ ਨੇ ਵੀ ਹੰਝੂ ਕੇਰੇ, ਚੁੱਪ-ਚੁਪੀਤੀਆਂ ਛਾਵਾਂ ਨਾਲ।
ਕੱਚ ਦੀਆਂ ਵੰਗਾਂ ਜਿਹੇ ਰਿਸ਼ਤੇ ਸਭ, ਪੱਥਰਾਂ ਉੱਤੇ ਰੋਲ ਦਿੱਤੇ...
ਉਮਰਾਂ ਦੀ ਕਿਤਾਬ ਦੇ ਵਰਕੇ, ਹਵਾ ਨੇ ਐਸੇ ਫੋਲ ਦਿੱਤੇ!
ਖਿੜੇ ਉਜਾੜੀਂ ਫੁੱਲ ਜੋ ਸੋਹਣੇ, ਆਖਰ ਨੂੰ ਮੁਰਝਾਏ ਨੇ,
ਜਿੱਤਾਂ ਦੇ ਸ਼ੋਰਾਂ ਵਿੱਚ ਬੰਦਿਆ, ਤੂੰ ਆਪਣੇ ਆਪ ਗਵਾਏ ਨੇ।
ਸਾਹਾਂ ਦਾ ਮੁੱਲ ਪੈਂਦਾ ਨਹੀਂ, ਦਰਦ ਅਸੀਂ ਤੱਕੜੀ ਤੋਲ ਦਿੱਤੇ...
ਉਮਰਾਂ ਦੀ ਕਿਤਾਬ ਦੇ ਵਰਕੇ, ਹਵਾ ਨੇ ਐਸੇ ਫੋਲ ਦਿੱਤੇ!
ਮਿੱਟੀ ਦਾ ਇਹ ਜਿਸਮ ਹੈ ਆਖਿਰ, ਮਿੱਟੀ ਦੇ ਵਿੱਚ ਰਲ ਜਾਣਾ,
ਰੂਹ ਦਾ ਪੰਛੀ ਮਾਰ ਉਡਾਰੀ, ਛੱਡ ਕੇ ਪਿੰਜਰਾ ਚੱਲ ਜਾਣਾ।
'ਮਾਨਸੇ' ਵਾਲਿਆ 'ਖਿੱਚੀ' ਰੱਬ ਨੇ, ਬੂਹੇ ਸਾਹਾਂ ਦੇ ਢੋਲ ਦਿੱਤੇ...
ਉਮਰਾਂ ਦੀ ਕਿਤਾਬ ਦੇ ਵਰਕੇ, ਹਵਾ ਨੇ ਐਸੇ ਫੋਲ ਦਿੱਤੇ!



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 947816078**

# ਜਨਮ-ਦਿਨ ਮੁਬਾਰਕ



**ਗੁਰਸਿਫਤ ਸਿੰਘ**
ਪਿਤਾ ਮਨਜੀਤ ਸਿੰਘ
ਮਾਤਾ ਰਮਨਦੀਪ ਕੌਰ
ਪਿੰਡ ਸਾਹਨੇਵਾਲੀ ਜ਼ਿਲ੍ਹਾ ਮਾਨਸਾ

# ਮਨੁੱਖੀ ਅਧਿਕਾਰ ਕਾਰਕੁਨ ਲਿੰਗਾਰਾਜ ਆਜ਼ਾਦ ਤੇ ਸੁਰੇਸ਼ ਸੰਗਰਾਮ ਨੂੰ ਤੁਰੰਤ ਰਿਹਾ ਕੀਤਾ ਜਾਵੇ : ਜਮਹੂਰੀ ਫਰੰਟ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਪ੍ਰੈੱਸ ਬਿਆਨ ਜਾਰੀ ਕਰਕੇ ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਸੂਬਾਈ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋ. ਏ .ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ ਪਾਲ ਨੇ ਓੜੀਸਾ ਪੁਲਿਸ ਵੱਲੋਂ ਪ੍ਰਮੁੱਖ ਮਨੁੱਖੀ ਅਧਿਕਾਰ ਕਾਰਕੁਨ ਲਿੰਗਾਰਾਜ ਆਜ਼ਾਦ ਅਤੇ ਸੁਰੇਸ਼ ਸੰਗਰਾਮ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸਮਾਜਵਾਦੀ ਜਨ ਪਰਿਸ਼ਦ ਦੇ ਆਗੂ ਲਿੰਗਾਰਾਜ, ਨਿਆਮਗਿਰੀ ਸੁਰੱਖਿਆ ਸਮਿਤੀ ਅਤੇ ਮਾਂ ਮਾਟੀ ਮਾਲੀ ਸੁਰੱਖਿਆ ਮੰਚ ਵਰਗੇ ਲੋਕ ਅੰਦੋਲਨਾਂ ਨਾਲ ਜੁੜੇ ਰਹੇ ਹਨ। ਉਨ੍ਹਾਂ ਨੇ ਅਨੁਸੂਚਿਤ ਖੇਤਰਾਂ ਵਿੱਚ ਗ਼ੈਰਕਾਨੂੰਨੀ ਅਮਲ ਰਾਹੀਂ ਆਦਿਵਾਸੀ ਜ਼ਮੀਨਾਂ ਐਕਵਾਇਰ ਕੀਤੇ ਜਾਣ ਅਤੇ ਖਣਨ ਪ੍ਰੋਜੈਕਟ ਥੋਪਣ ਦੇ ਖ਼ਿਲਾਫ਼ ਲਗਾਤਾਰ ਆਵਾਜ਼ ਉਠਾਈ ਹੈ। ਉਹ ਸੰਵਿਧਾਨ ਦੀ ਪੰਜਵੀਂ ਅਨੁਸੂਚੀ, ਪੇਸਾ ਕਾਨੂੰਨ (ਅਨੁਸੂਚਿਤ ਖੇਤਰਾਂ ਤੱਕ ਪੰਚਾਇਤ ਵਿਸਥਾਰ ਐਕਟ 1996) ਅਤੇ ਫਾਰੈਸਟ ਰਾਈਟਸ ਐਕਟ 2006 ਦੇ ਤਹਿਤ ਆਦਿਵਾਸੀ ਭਾਈਚਾਰਿਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਲਗਾਤਾਰ ਜੂਝ ਰਹੇ ਹਨ। ਇਹ ਵਿਸ਼ੇਸ਼ ਕਾਨੂੰਨ ਗ੍ਰਾਮ ਸਭਾ ਦੀ ਸੁਤੰਤਰ, ਅਗਾਊਂ ਅਤੇ ਸਪਸ਼ਟ



ਜਾਣਕਾਰੀ ਤਹਿਤ ਸਹਿਮਤੀ ਤੋਂ ਬਿਨਾਂ ਕੋਈ ਵੀ ਜ਼ਮੀਨ ਐਕਵਾਇਰ ਕਰਨ ਜਾਂ ਖਣਨ ਕੰਮਾਂ ਲਈ ਵਰਤਣ ਦੀ ਮਨਾਹੀ ਕਰਦੇ ਹਨ। ਲਿੰਗਰਾਜ ਆਜ਼ਾਦ ਤੇ ਉਸਦੇ ਸਾਥੀ ਦੀ ਗ੍ਰਿਫ਼ਤਾਰੀ ਅਲੱਗ-ਥਲੱਗ ਘਟਨਾ ਨਾ ਹੋ ਕੇ ਓੜੀਸਾ ਅਤੇ ਪੂਰੇ ਭਾਰਤ ਵਿਚ ਖਣਿਜਾਂ ਨਾਲ ਭਰਪੂਰ ਆਦਿਵਾਸੀ ਖੇਤਰਾਂ ਵਿੱਚ ਵਧ ਰਹੀ ਕਾਰਪੋਰੇਟ ਲੁੱਟ ਅਤੇ ਇਸ ਗ਼ੈਰਕਾਨੂੰਨੀ ਅਮਲ ਦਾ ਵਿਰੋਧ ਕਰਨ ਵਾਲੇ ਵਿਅਕਤੀਆਂ ਤੇ ਸੰਸਥਾਵਾਂ ਖ਼ਿਲਾਫ਼ ਚੱਲ ਰਹੇ ਵਿਆਪਕ ਹਕੂਮਤੀ ਜਬਰ ਦਾ ਹਿੱਸਾ ਹੈ। ਜਿਸਦਾ ਮਨੋਰਥ ਕਾਰਪੋਰੇਟਾਂ ਦੇ ਲੋਟੂ ਪ੍ਰੋਜੈਕਟਾਂ ਵਿਰੁੱਧ ਮਜ਼ਬੂਤ ਲੋਕ ਆਵਾਜ਼ ਦੀ ਜ਼ਬਾਨਬੰਦੀ ਕਰਨਾ ਹੈ। ਇਨ੍ਹਾਂ ਖੇਤਰਾਂ ਨੂੰ ਸਟੇਟ ਦੀ ਜਾਬਰ ਤਾਕਤ ਦੀ ਮਦਦ ਨਾਲ ਲੋਟੂ ਖਣਨ ਕਾਰੋਬਾਰਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਵੇਦਾਂਤਾ ਰਿਸੋਰਸਜ਼ ਵਰਗੀਆਂ ਕੰਪਨੀਆਂ ਦੇ ਧੜਵੈਲ ਖਣਨ ਪ੍ਰੋਜੈਕਟ ਵਿਆਪਕ ਉਜਾੜੇ, ਜੰਗਲਾਂ ਦੀ ਤਬਾਹੀ, ਰਵਾਇਤੀ ਰੋਜ਼ਗਾਰ ਦੇ ਖ਼ਾਤਮੇ ਅਤੇ ਗੰਭੀਰ ਵਾਤਾਵਰਣ ਤਬਾਹੀ ਲਈ ਜ਼ਿੰਮੇਵਾਰ ਹਨ। ਕਾਨੂੰਨੀ ਸੁਰੱਖਿਆ ਦੇ ਬਾਵਜੂਦ ਗ੍ਰਾਮ ਸਭਾਵਾਂ ਨੂੰ ਅਕਸਰ ਨਜ਼ਰਅੰਦਾਜ਼ ਜਾਂ ਬਲੈਕਮੇਲ ਕਰਨਾ ਆਮ ਦਸਤੂਰ ਹੈ। ਆਦਿਵਾਸੀ ਭਾਈਚਾਰੇ ਦੇ ਜੋ ਆਗੂ, ਕਾਰਕੁਨ ਅਤੇ ਜਨਤਕ ਸੰਗਠਨ ਇਸ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਝੂਠੇ ਕੇਸਾਂ, ਗ੍ਰਿਫ਼ਤਾਰੀਆਂ, ਜੇਲ੍ਹਬੰਦੀ, ਨਿਗਰਾਨੀ ਅਤੇ ਧਮਕੀਆਂ ਰਾਹੀਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਫਰੰਟ ਦੇ ਆਗੂਆਂ ਨੇ ਮੰਗ ਕੀਤੀ ਕਿ ਲਿੰਗਾਰਾਜ ਆਜ਼ਾਦ ਅਤੇ ਸੁਰੇਸ਼ ਸੰਗਰਾਮ ਨੂੰ ਤੁਰੰਤ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ; ਉਨ੍ਹਾਂ ਖ਼ਿਲਾਫ਼ ਲਗਾਏ ਸਾਰੇ ਝੂਠੇ ਅਤੇ ਮਨਘੜਤ ਦੋਸ਼ ਵਾਪਸ ਲਏ ਜਾਣ; ਜਨਤਕ ਜਮਹੂਰੀ ਸੰਘਰਸ਼ਾਂ ਉੱਪਰ ਹਕੂਮਤੀ ਜਬਰ ਬੰਦ ਕੀਤਾ ਜਾਵੇ; ਗ੍ਰਾਮ ਸਭਾ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਐਕਵਾਇਰ ਕਰਨ ਅਤੇ ਖਣਨ ਪ੍ਰੋਜੈਕਟ ਥੋਪ ਉੱਪਰ ਤੁਰੰਤ ਰੋਕ ਲਾਈ ਜਾਵੇ; ਕੁਦਰਤੀ ਵਸੀਲਿਆਂ ਦੀ ਕਾਰਪੋਰੇਟ ਲੁੱਟ ਅਤੇ ਆਦਿਵਾਸੀ ਭਾਈਚਾਰਿਆਂ ਦਾ ਉਜਾੜਾ ਬੰਦ ਕੀਤਾ ਜਾਵੇ। ਕਾਰ-ਪੋਰੇਟ ਮੁਨਾਫ਼ੇ ਲਈ ਖਣਨ ਤੇ ਹੋਰ ਲੋਕ ਵਿਰੋਧੀ ਪ੍ਰੋਜੈਕਟ ਬੰਦ ਕੀਤੇ ਜਾਣ; ਪੇਸਾ (1996) ਅਤੇ ਫਾਰੈਸਟ ਰਾਈਟਸ ਐਕਟ (2006) ਸਖ਼ਤੀ ਨਾਲ ਲਾਗੂ ਕੀਤੇ ਜਾਣ ਅਤੇ ਗ਼ੈਰਕਾਨੂੰਨੀ ਗ੍ਰਿਫ਼ਤਾਰੀਆਂ ਅਤੇ ਜਮਹੂਰੀ ਹੱਕਾਂ ਦੀ ਉਲੰਘਣਾ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

# ਅੱਖਾਂ ਦੀ ਮਾਹਿਰ ਡਾਕਟਰ ਹਰਦੀਪ ਕਲਸੀ ਨੇ ਬਚਾਈ 14 ਸਾਲਾਂ ਲੜਕੇ ਦੀ ਜਾਨ

**ਜਾਂਚ ਦੌਰਾਨ ਲੜਕੇ ਦੇ ਦਿਮਾਗ ਚ ਟਿਊਮਰ ਹੋਣ ਕਾਰਨ ਲੜਕੇ ਦੀ ਜਾਨ ਨੂੰ ਬਚਾਉਣਾ ਸੀ ਨਾ ਮੁਮਕਿਨ**

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)** ਇੰਗਲੈਂਡ ਦੇ ਬਕਿੰਗਹਮਸ਼ਾਇਰ ਖੇਤਰ ਵਿਚ ਇਕ 14 ਸਾਲਾ ਲੜਕੇ ਦੀ ਜਾਨ ਉਸ ਵੇਲੇ ਬਚ ਗਈ ਜਦੋਂ ਅੱਖਾਂ ਦੀ ਆਮ ਜਾਂਚ ਦੌਰਾਨ ਡਾਕਟਰਾਂ ਨੂੰ ਉਸ ਦੇ ਦਿਮਾਗ ਵਿਚ ਟਿਊਮਰ ਹੋਣ ਦੇ ਸੰਕੇਤ ਮਿਲੇ। ਜਾਣਕਾਰੀ ਅਨੁਸਾਰ ਜੋਸ਼ੂਆ ਰੋਸਿਟਰ ਨਾਮਕ ਲੜਕੇ ਨੂੰ ਇਕ ਹਫ਼ਤੇ ਤੋਂ ਨਜ਼ਰ ਧੁੰਦਲੀ ਹੋਣ ਦੀ ਸਮੱਸਿਆ ਆ ਰਹੀ ਸੀ। ਅਚਾਨਕ ਨਜ਼ਰ ਵਿਚ ਆਏ ਬਦਲਾਅ ਕਾਰਨ ਚਿੰਤਤ ਹੋ ਕੇ ਉਸ ਦੇ ਮਾਪਿਆਂ ਨੇ ਉਸ ਦੀ ਅੱਖਾਂ ਦੀ ਜਾਂਚ ਕਰਵਾਉਣ ਲਈ ਗੇਰਾਰਡਜ਼ ਕ੍ਰਾਸ ਵਿਚ ਅੱਖਾਂ ਦੇ ਮਾਹਿਰ ਡਾਕਟਰ ਕੋਲ ਸਮਾਂ ਲਿਆ। ਅੱਖਾਂ ਦੀ ਜਾਂਚ ਦੌਰਾਨ ਅੰਖਾ ਦੀ ਮਾਹਿਰ ਡਾਕਟਰ ਹਰਦੀਪ ਕਲਸੀ ਨੇ ਬੜੀ ਧਿਆਨ ਨਾਲ ਜਾਂਚ ਕੀਤੀ ਅਤੇ ਅੱਖਾਂ ਦੇ ਅੰਦਰ ਕੁਝ ਅਸਧਾਰਣ ਲੱਛਣ ਵੇਖੇ। ਇਸ ਤੋਂ ਬਾਅਦ ਉਸ ਨੇ ਲੜਕੇ ਨੂੰ ਕੁਝ ਦਿਨ ਬਾਅਦ ਮੁੜ ਜਾਂਚ ਲਈ ਆਉਣ ਲਈ ਕਿਹਾ ਤਾਂ ਜੋ ਹੋਰ ਟੈਸਟ ਕੀਤੇ ਜਾ ਸਕਣ। ਜਦੋਂ ਵਧੇਰੇ ਜਾਂਚਾਂ ਕੀਤੀਆਂ ਗਈਆਂ ਤਾਂ ਮਾਮਲਾ ਗੰਭੀਰ ਲੱਗਣ 'ਤੇ ਉਸ ਨੂੰ ਤੁਰੰਤ ਹਸਪਤਾਲ ਵਿਚ ਵਿਸ਼ੇਸ਼ਗਿਆਨਾਂ ਕੋਲ ਭੇਜ ਦਿੱਤਾ ਗਿਆ।

ਹਸਪਤਾਲ ਵਿਚ ਹੋਈ ਵਿਸਥਾਰਪੂਰਵਕ ਜਾਂਚ ਅਤੇ ਸਕੈਨ ਦੌਰਾਨ ਡਾਕਟਰਾਂ ਨੇ ਲੜਕੇ ਦੇ ਦਿਮਾਗ ਵਿਚ ਟਿਊਮਰ ਦੀ ਪੁਸ਼ਟੀ ਕੀਤੀ। ਸਮੇਂ ਸਿਰ ਇਹ ਬਿਮਾਰੀ ਸਾਹਮਣੇ ਆ ਜਾਣ ਕਾਰਨ ਡਾਕਟਰਾਂ ਵੱਲੋਂ ਤੁਰੰਤ ਇਲਾਜ ਸ਼ੁਰੂ ਕਰ ਦਿੱਤਾ ਗਿਆ, ਜਿਸ ਨਾਲ ਵੱਡੇ ਖਤਰੇ ਤੋਂ ਬਚਾਵ ਹੋ ਗਿਆ। ਲੜਕੇ ਦੇ ਮਾਪਿਆਂ ਨੇ ਅੱਖਾਂ ਦੀ ਜਾਂਚ ਕਰਨ ਵਾਲੀ ਅੱਖਾ ਦੀ ਮਾਹਿਰ ਡਾਕਟਰ



ਅੱਖਾ ਦੀ ਮਾਹਿਰ ਸਿੱਖ ਡਾਕਟਰ ਹਰਦੀਪ ਕਲਸੀ!

ਹਰਦੀਪ ਕਲਸੀ ਅਤੇ ਉਸ ਦੀ ਟੀਮ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹਨਾਂ ਨੂੰ ਸ਼ੁਰੂ ਵਿਚ ਲੱਗਿਆ ਸੀ ਕਿ ਇਹ ਸਿਰਫ਼ ਨਜ਼ਰ ਦੀ ਆਮ ਸਮੱਸਿਆ ਹੋਵੇਗੀ। ਪਰ ਮਾਹਿਰ ਦੀ ਸੂਝਬੂਝ ਅਤੇ ਤੁਰੰਤ ਕੀਤੀ ਕਾਰਵਾਈ ਕਾਰਨ ਉਹਨਾਂ ਦੇ ਪੁੱਤਰ ਦੀ ਜਾਨ ਬਚ ਗਈ। ਉਨ੍ਹਾਂ ਨੇ ਕਿਹਾ ਕਿ ਜੇ ਸਮੇਂ ਸਿਰ ਇਹ ਗੱਲ ਸਾਹਮਣੇ ਨਾ ਆਉਂਦੀ ਤਾਂ ਹਾਲਤ ਕਾਫ਼ੀ ਗੰਭੀਰ ਹੋ ਸਕਦੀ ਸੀ। ਇਸ ਸਬੰਧੀ ਮਾਹਿਰ ਹਰਦੀਪ ਕਲਸੀ ਨੇ ਕਿਹਾ ਕਿ ਜਦੋਂ ਕਿਸੇ ਵਿਅਕਤੀ ਨੂੰ ਅਚਾਨਕ ਨਜ਼ਰ ਵਿਚ ਬਦਲਾਅ ਮਹਿਸੂਸ ਹੋਵੇ ਤਾਂ ਉਸ ਨੂੰ ਤੁਰੰਤ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਖਾਂ ਦੀ ਜਾਂਚ ਸਿਰਫ਼ ਨਜ਼ਰ ਦੀ ਸਮੱਸਿਆ ਹੀ ਨਹੀਂ ਦੱਸਦੀ, ਸਗੋਂ ਕਈ ਵਾਰ ਦਿਮਾਗ ਨਾਲ ਸੰਬੰਧਿਤ ਗੰਭੀਰ ਬਿਮਾਰੀਆਂ ਦੇ ਸੰਕੇਤ ਵੀ ਸਾਹਮਣੇ ਆ ਸਕਦੇ ਹਨ। ਅੱਖਾਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਨਿਯਮਿਤ ਤੌਰ 'ਤੇ ਆਪਣੀਆਂ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ, ਕਿਉਂਕਿ ਇਸ ਰਾਹੀਂ ਕਈ ਵਾਰ ਅਜਿਹੀਆਂ ਬਿਮਾਰੀਆਂ ਦਾ ਵੀ ਪਤਾ ਲੱਗ ਜਾਂਦਾ ਹੈ ਜੋ ਸ਼ੁਰੂਆਤੀ ਦੌਰ ਵਿਚ ਲੱਭਣ ਨਾਲ ਆਸਾਨੀ ਨਾਲ ਠੀਕ ਕੀਤੀਆਂ ਜਾ ਸਕਦੀਆਂ ਹਨ। ਇਸ ਘਟਨਾ ਨੇ ਇੱਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਸਮੇਂ ਸਿਰ ਕੀਤੀ ਜਾਂਚ ਕਿਸੇ ਦੀ ਵੀ ਜਾਨ ਬਚਾ ਸਕਦੀ ਹੈ।ਡਾਕਟਰ ਹਰਦੀਪ ਕਲਸੀ ਦੀ ਵੱਖ ਵੱਖ ਭਾਈਚਾਰਿਆਂ ਵੱਲੋ ਭਰਪੂਰ ਸਲਾਘਾ ਕੀਤੀ ਜਾ ਰਹੀ ਹੈ!

# ਚੇਅਰਮੈਨ ਸਤਨਾਮ ਜਲਾਲਪੁਰ ਨੇ ਪਿੰਡ ਕੌਲਗੜ੍ਹ ਦੀ ਪੰਚਾਇਤ ਨੂੰ ਸ਼ਮਸ਼ਾਨ ਘਾਟ ਲਈ ਦਿੱਤੀ 1 ਲੱਖ ਦੀ ਗਰਾਂਟ

**ਬਲਾਚੌਰ 27 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ ਦੇ ਚੇਅਰਮੈਨ ਅਤੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਜਲਾਲਪੁਰ ਵੱਲੋਂ ਪਿੰਡ ਕੌਲਗੜ੍ਹ ਦੀ ਗ੍ਰਾਮ ਪੰਚਾਇਤ ਨੂੰ ਵਿਕਾਸ ਕਾਰਜਾਂ ਲਈ 1 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਜਾਰੀ ਕੀਤੀ ਗਈ ਹੈ। ਇਹ ਰਾਸ਼ੀ ਚੇਅਰਮੈਨ ਜਲਾਲਪੁਰ ਨੇ ਆਪਣੇ ਜ਼ਿਲ੍ਹਾ ਯੋਜਨਾ ਬੋਰਡ ਦੇ ਅਖਤਿਆਰੀ ਕੋਟੇ ਵਿੱਚੋਂ ਪਿੰਡ ਦੇ ਸ਼ਮਸ਼ਾਨ ਘਾਟ ਦੀ ਉਸਾਰੀ ਅਤੇ ਮੁਰੰਮਤ ਲਈ ਦਿੱਤੀ ਹੈ। ਇਸ ਮੌਕੇ ਮਾਰਕੀਟ ਕਮੇਟੀ ਬਲਾਚੌਰ ਦੇ ਚੇਅਰਮੈਨ ਸੇਠੀ ਉਧਨੋਵਾਲ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ ਗਰਾਂਟ ਦਾ ਚੈੱਕ ਸੌਂਪਦਿਆਂ ਸਤਨਾਮ ਜਲਾਲਪੁਰ ਨੇ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਸ਼ਮਸ਼ਾਨ ਘਾਟ ਦੀ ਉਸਾਰੀ ਸਬੰਧੀ ਲੰਬੇ ਸਮੇਂ ਤੋਂ ਮੰਗ ਕੀਤੀ



ਜਾ ਰਹੀ ਸੀ। ਪਿੰਡ ਦੀ ਇਸ ਜ਼ਰੂਰੀ ਲੋੜ ਨੂੰ ਮੁੱਖ ਰੱਖਦਿਆਂ ਹੀ ਇਹ ਰਾਸ਼ੀ ਜਾਰੀ ਕੀਤੀ ਗਈ ਹੈ ਤਾਂ ਜੋ ਵਿਕਾਸ ਕਾਰਜਾਂ ਵਿੱਚ ਕੋਈ ਰੁਕਾਵਟ ਨਾ ਆਵੇ। ਉਨ੍ਹਾਂ ਭਰੋਸਾ ਦਿੱਤਾ ਕਿ ਇਲਾਕੇ ਦੇ ਸਰਵਪੱਖੀ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਪਿੰਡ ਕੌਲਗੜ੍ਹ ਦੇ ਸਾਬਕਾ ਸਰਪੰਚ ਗੁਰਦੇਵ ਸਿੰਘ, ਦਵਿੰਦਰ ਸਿੰਘ ਬਿੰਦੂ ਲੰਡਨ, ਬਲਕਾਰ ਸਿੰਘ ਚੌਧਰੀ, ਗੁਰਵਿੰਦਰ ਸਿੰਘ ਨੰਬਰਦਾਰ ਅਤੇ ਜੁਝਾਰ ਸਿੰਘ ਸਾਬਕਾ ਸਰਪੰਚ ਨੇ ਚੇਅਰਮੈਨ ਜਲਾਲਪੁਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਗਰਾਂਟ ਨਾਲ ਪਿੰਡ ਦੀ ਇੱਕ ਵੱਡੀ ਸਮੱਸਿਆ ਹੱਲ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨੈਲ ਸਿੰਘ ਫੌਜੀ, ਜਸਕਰਨ ਸਿੰਘ, ਸੁਖਦੇਵ ਸਿੰਘ, ਪਰਮਜੀਤ ਸਿੰਘ ਪੰਚ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।




# ਆਪ ਆਗੂ ਜਤਿੰਦਰ ਸਿੰਘ ਕਾਲਾ ਫਿਲੌਰ ਇਲਾਕੇ ਦੀਆਂ ਸਮੱਸਿਆਵਾਂ ਦੇ ਹਲ ਲਈ ਇੰਪਰੂਵਮੈਂਟ ਟਰੱਸਟ ਜਲੰਧਰ ਦੇ ਚੇਅਰਮੈਨ ਨੂੰ ਮਿਲੇ

**ਫਿਲੌਰ/ਅੱਪਰਾ, (ਦੀਪਾ)**– ਆਮ ਆਦਮੀ ਪਾਰਟੀ ਦੇ ਜਿਲਾ ਜਲੰਧਰ (ਦਿਹਾਤੀ) ਯੂਥ ਵਿੰਗ ਦੇ ਵਾਈਸ ਪ੍ਰਧਾਨ ਜਤਿੰਦਰ ਸਿੰਘ ਕਾਲਾ ਰਮਨੀਕ ਸਿੰਘ ਰੰਧਾਵਾ (ਲੱਕੀ ਰੰਧਾਵਾ) ਚੇਅਰਮੈਨ ਇੰਪਰੂਵਮੈਂਟ ਟਰੱਸਟ ਜਲੰਧਰ ਤੇ ਇੰਚਾਰਜ ਲੋਕ ਸਭਾ ਹਲਕਾ ਜਲੰਧਰ ਨੂੰ ਮਿਲੇ ਤੇ ਫਿਲੌਰ ਖਾਸਕਰ ਅੱਪਰਾ ਇਲਾਕੇ ਦੀਆਂ ਭਖਦੀਆਂ ਹੋਈਆਂ ਸਮੱਸਿਆਵਾਂ ਨੂੰ ਉਨਾਂ ਦੇ ਧਿਆਨ 'ਚ ਲਿਆਂਦਾ । ਇਸ ਮੌਕੇ ਉਨ੍ਹਾਂ ਨਾਲ ਗੁਰਮੁਖ ਸਿੰਘ (ਯੂ ਕੇ) ਵੀ ਹਾਜ਼ਰ ਸਨ। ਇਸ ਮੌਕੇ ਜਾਣਕਾਰੀ ਦਿੰਦਿਆਂ ਜਤਿੰਦਰ ਸਿੰਘ ਕਾਲਾ ਨੇ ਦੱਸਿਆ ਕਿ ਉਨਾਂ ਨੇ ਇਲਾਕਾ



ਵਾਸੀਆਂ ਦੀਆਂ ਵਿਕਾਸ ਨਾਲ ਸੰਬੰਧਿਤ ਤੇ ਹੋਰ ਭਖਦੇ ਮਸਲਿਆਂ ਨੂੰ ਰੰਧਾਵਾ ਦੇ ਸਨਮੁੱਖ ਰੱਖਿਆ । ਜਿਵੇਂ ਕਿ ਸਰਕਾਰੀ ਦਫ਼ਤਰਾਂ 'ਚ ਆਮ ਲੋਕਾਂ ਨੂੰ ਆਪਣੇ ਕੰਮ ਕਾਰ ਕਰਵਾਉਣ ਲਈ ਖੱਜਲ ਖੁਆਰ ਹੋਣਾ, ਪੁਲਿਸ ਦੁਆਰਾ ਸਿਖਾਇਤਾਂ ਦਾ ਜਲਦ ਨਿਪਟਾਰਾ ਕਰਨਾ ਆਦਿ ਸਨ । ਚੇਅਰਮੈਨ ਰੰਧਾਵਾ ਨੇ ਉਕਤ ਸਮੱਸਿਆਵਾਂ ਨੂੰ ਜਲਦ ਤੋਂ ਜਲਦ ਹਲ ਕਰਨ ਦਾ ਭਰੋਸਾ ਦਿੱਤਾ । ਜਤਿੰਦਰ ਕਾਲਾ ਨੇ ਕਿਹਾ ਕਿ 'ਆਪ' ਪੰਜਾਬ ਦੀ ਹਾਈ ਕਮਾਂਡ ਆਮ ਲੋਕਾਂ ਲਈ ਦਿਨ ਰਾਤ ਕੰਮ ਕਰ ਰਹੀ ਹੈ । ਇਸ ਲਈ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਆਪ ਦੁਬਾਰਾ ਵੱਡੇ ਪੱਧਰ 'ਤੇ ਜਿੱਤ ਪ੍ਰਾਪਤ ਕਰਕੇ ਦੁਬਾਰਾ ਸੱਤਾ 'ਚ ਆਵੇਗੀ ।

# ਮਤਲਬ ਦਾ ਵਜਨ ਬਹੁਤ ਜਿਆਦਾ ਹੈ, ਤਾਂਹੀ ਤਾਂ ਮਤਲਬ ਨਿਕਲਦੇ ਹੀ ਰਿਸ਼ਤੇ ਹਲਕੇ ਹੋ ਜਾਂਦੇ ਹਨ

ਅਕਸਰ ਹੀ ਦੇਖਿਆ ਜਾਂਦਾ ਹੈ ਕਿ ਅੱਜ ਦਾ ਇਨਸਾਨ ਝੂਠੇ ਤੇ ਮਤਲਬ ਦੇ ਰਿਸ਼ਤਿਆਂ ਦੀ ਜ਼ਿੰਦਗੀ ਜ਼ਿਆਦਾ ਜਿਊਂ ਰਿਹਾ ਹੈ।ਇੰਨਾਂ ਰਿਸ਼ਤਿਆਂ ਨੂੰ ਜ਼ਿਆਦਾ ਅਹਿਮੀਅਤ ਦੇ ਰਿਹਾ ਹੈ।ਅੱਜ ਦਾ ਜੋ ਵੀ ਇਨਸਾਨ ਉੱਪਰੋਂ ਝੂਠੀ ਵਾਹ ਵਾਹ ਕਰਦਾ ਹੈ ਦੂਜਿਆਂ ਲਈ ਉਹੀ ਸਭ ਕੁੱਝ ਹੈ ।ਪਾਕ ਰੂਹਾਂ ਦੇ ਰਿਸ਼ਤੇ ਤਾਂ ਹੁਣ ਕਿਤੇ ਦਿਖਾਈ ਹੀ ਨਹੀਂ ਦਿੰਦੇ ।ਕੋਈ ਟਾਵਾਂ ਟਾਵਾਂ ਹੀ ਹੋਵੇਗਾ ਜੋ ਰਿਸ਼ਤਿਆਂ ਨੂੰ ਸੱਚੇ ਦਿਲ ਨਾਲ ਨਿਭਾ ਰਿਹਾ ਹੋਵੇਗਾ ।ਰਿਸਤਿਆਂ ਤੇ ਦੋਸਤੀ ਦੀ ਬੁਨਿਆਦ ਸੱਚ ਤੇ ਹੀ ਟਿਕੀ ਹੋਈ ਹੈ।ਜੇਕਰ ਅਸੀਂ ਕੋਈ ਵੀ ਰਿਸਤਾ ਸੱਚ ਦੀ ਨੀਂਹ ਤੇ ਖੜਾ ਕਰਾਗੇ ਤਾ ਜਿਆਦਾ ਸਮੇਂ ਤੱਕ ਮਜਬੂਤ ਰਹੇਗਾ ।ਜੇਕਰ ਅਸੀਂ ਕੋਈ ਰਿਸਤਾ ਝੂਠ ਜਾਂ ਮਤਲਬ ਨਾਲ ਬਣਾਉਂਦੇ ਹਾਂ ਤਾਂ ਉਹ ਰਿਸਤਾ ਜਲਦੀ ਹੀ ਕੁੱਝ ਪਲਾਂ ਵਿੱਚ ਖੇਰੂ-ਖੇਰੂ ਹੋ ਜਾਵੇਗਾ ।ਯਾਦ ਰੱਖਿਓ ਇੱਕ ਝੂਠ ਦੇ ਬਣਾਏ ਰਿਸਤੇ ਨੂੰ ਬਚਾਉਣ ਲਈ ਲੱਖਾਂ ਝੂਠ ਬੋਲਣੇ ਪੈਣਗੇ।ਝੂਠੇ ਤੇ ਮਤਲਬੀ ਲੋਕ ਕਦੇ ਕਿਸੇ ਦੇ ਚੰਗੇ ਦੋਸਤ ਨਹੀਂ ਬਣ ਸਕਦੇ। ਮਤਲਬੀ ਲੋਕ ਆਪਣੇ ਮਤਲਬ ਲਈ ਕੁਝ ਵੀ ਕਰ ਸਕਦੇ ਹਨ ਪਰ ਧਿਆਨ ਰੱਖੋ ਕੇ ਰਿਸਤਿਆਂ ਨੂੰ ਨਿਭਾਉਣਾ ਹੈ ਤੇ ਕਿੱਦਾ ਬਚਾਉਣਾ ਹੈ ਤਾ ਕਿ ਲੋਕਾਂ ਦਾ ਰਿਸਤਿਆਂ ਤੇ ਯਕੀਨ ਬਣਿਆਂ ਰਹੇ । ਅੱਜ ਕੱਲ ਮਤਲਬੀ ਲੋਕਾਂ ਨੇ ਦੁਨੀਆਂ ਤੇ ਅਜਿਹਾ ਅਸਰ ਪਾਇਆਂ ਹੈ, ਕਿ ਦੁਨੀਆਂ ਤੇ ਕਿਸੇ ਦਾ ਹਾਲ ਵੀ ਪੁੱਛੋ ਤਾਂ, ਲੋਕ ਸਮਝਦੇ ਨੇ ਕੋਈ ਕੰਮ ਹੋਣਾ।ਮਤਲਬੀ ਲੋਕ ਉੱਪਰੋ ਕੁੱਝ ਹੋਰ ਹੁੰਦੇ ਹਨ ਤੇ ਅੰਦਰੋਂ ਕੁੱਝ ਹੋਰ ਭਾਵ ਮਤਲਬੀ ਲੋਕ ਕਹਿੰਦੇ ਕੁੱਝ ਹੋਰ ਹਨ ਤੇ ਕਰਦੇ ਕੁੱਝ ਹੋਰ ਹਨ।ਇੱਕ ਸਾਫ ਦਿਲ ਇਨਸਾਨ ਮਤਲਬੀ ਲੋਕਾਂ ਨਾਲ ਰਹਿਣਾ ਤਾ ਦੂਰ ਉਹਨਾਂ ਨੂੰ ਦੇਖਣਾ ਵੀ ਪਸੰਦ ਨਹੀਂ ਕਰੇਗਾ ।ਕਿਉਂਕਿ ਮਤਲਬੀ ਲੋਕਾਂ ਦੇ ਦਿੱਤੇ ਜਖਮ ਇੱਕ ਸਾਫ ਦਿਲ ਇਨਸਾਨ ਨੂੰ ਝੰਜੋੜ ਕੇ ਰੱਖ ਦਿੰਦੇ ਹਨ । ਠੀਕ ਹੀ ਕਿਹਾ ਹੈ ਕਿਸੇ ਨੇ ਕਿ

ਮੰਗ ਕੇ ਖਾਣ ਨਾਲੋਂ, ਕਰਨੀ ਮਜਦੂਰੀ ਚੰਗੀ ਏ,
ਅੱਜ ਕੱਲ ਦੇ ਮਤਲਬੀ ਲੋਕਾਂ ਤੋਂ ਥੋੜੀ ਦੂਰੀ ਚੰਗੀ ਏ....!!

ਇਸ ਮਤਲਬੀ ਦੁਨੀਆਂ ਵਿੱਚ ਕੋਈ ਕਿਸੇ ਦਾ ਆਪਣਾ ਨਹੀਂ ਖਾਸ ਕਰਕੇ ਮਤਲਬੀ ਤੇ ਝੂਠੇ ਲੋਕ ਕਦੇ ਕਿਸੇ ਦੇ ਸਕੇ ਨਹੀਂ ਹੁੰਦੇ ਹਨ ਹਮੇਸਾ ਆਪਣੇ ਫਾਇਦੇ ਲਈ ਹੀ ਜੁੜੇ ਹੁੰਦੇ ਹਨ।ਕਈ ਦੋਸਤ ਮਤਲਬ ਲਈ ਸਾਡੀ ਏਨੀ ਕੁ ਖੁਸਾਮਦ ਕਰ ਦਿੰਦੇ ਹਨ ਕਿ ਅਸੀਂ ਉਸਦੇ ਹੀ ਹੋਕੇ ਰਹਿ ਜਾਂਦੇ ਹਾਂ।ਜਦੋਂ ਉਹਨਾਂ ਦਾ ਮਤਲਬ ਨਿਕਲ ਜਾਂਦਾ ਹੈ ਤਾਂ ਦੋ ਚਾਰ ਦਿਨਾਂ ਬਾਅਦ ਉਹ ਇਹ ਕਹਿ ਦਿੰਦੇ ਹਨ ਬੱਸ ਯਾਰ ਹੋਰ ਨਹੀਂ ਨਿਭਦੀ ,ਤੇਰੀ ਮੇਰੀ ਸੋਚ ਨਹੀਂ ਮਿਲਦੀ ਤੇਰੇ ਨਾਲ ਰਹਿਣਾ ਗੱਲ ਕਰਨੀ ਮਜਬੂਰੀ ਸੀ ਮੈਨੂੰ ਮੁਆਫ ਕਰ ਦੇ ਦੋਸਤ ਮੈ ਮਜਬੂਰ ਹਾਂ ਇਹ ਕਹਿ ਕੇ ਪੱਲਾ ਛੁਡਾ ਲੈਂਦੇ ਹਨ ਉਹ ਨਹੀਂ ਸੋਚਦੇ ਜਿਸ ਇਨਸਾਨ ਨੇ ਤੁਹਾਨੂੰ ਆਪਣਾ ਬਣਾ ਹੀ ਲਿਆ ਹੋਵੇ ਉਸਨੂੰ ਇਸ ਤਰ੍ਹਾਂ ਤੋੜਨਾ ਉਸਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਸਾਫ ਦਿਲ ਨੂੰ ਤੋੜਨਾ ਸਭ ਤੋ ਵੱਡਾ ਜੁਰਮ ਹੈ ।ਕਹਿੰਦੇ ਹਨ ਕਿ ਪਿਆਰ ਤੇ ਦੋਸਤੀ ਵਿੱਚ ਕੀਤੇ ਗਏ ਧੋਖੇ ਦੀ ਕੋਈ ਮੁਆਫੀ ਨਹੀਂ ਹੁੰਦੀ ।ਏਥੇ ਕੋਈ ਪਿਆਰ ਨਹੀਂ ਹੈ ਕੋਈ ਦੋਸਤ ਨਹੀਂ ਕੋਈ ਭੈਣ-ਭਰਾ ਨਹੀਂ ਝੂਠੇ ਤੇ ਮਤਲਬੀ ਲੋਕਾਂ ਨੇ ਸਾਰੇ ਰਿਸਤੇ ਖਤਮ ਕਰ ਦਿੱਤੇ ਹਨ।ਜੇਕਰ ਸੱਚਾ ਰਿਸ਼ਤਾ ਹੈ ਉਹ ਮਾਂ ਬਾਪ ਦ ਰਿਸ਼ਤਾ ।ਮੇਰੇ ਅਨੁਸਾਰ ਕੁੱਝ ਮਤਲਬੀ ਲੋਕ ਇਸ ਤਰ੍ਹਾਂ ਦੇ ਵੀ ਹੁੰਦੇ ਹਨ

ਇਸ ਦੁਨੀਆਂ ਵਿੱਚ ਮੱਦਦਗਾਰ ਬੜੇ ਨੇ ,
ਪਲ ਵਿੱਚ ਆਪਣਾ ਬਣਾ ਲੈਣ ,
ਪਲ ਵਿੱਚ ਵਿਸਾਰ ਦੇਣ ,
ਇਹੋ ਜਿਹੇ ਖੁਦਗਾਰ ਬੜੇ ਨੇ ।
ਕੰਮ ਦੇ ਨਾਲ ਮਤਲਬ ਰੱਖਦੇ ,
ਪਿੱਠ ਪਿੱਛੇ ਆਪਣੇ ਹੀ ਠੱਗਦੇ ,
ਸਭ ਕੁੱਝ ਲੁੱਟ ਲੈ ਜਾਣ ,
ਪੈਸੇ ਦੇ ਯਾਰ ਬੜੇ ਨੇ ।
ਕਈ ਫੁੱਲਾਂ ਦੀ ਤਰ੍ਹਾਂ ਮੁਸਕਰਾਉਂਦੇ ,
ਸਾਰਿਆਂ ਦੇ ਦਿਲਾਂ ਨੂੰ ਭਾਉਂਦੇ ,
ਪਰ ਫੁੱਲਾਂ ਨਾਲ ਵੀ ਖਾਰ ਬੜੇ ਨੇ।
ਧਾਲੀਵਾਲ ਕਈ ਝੂਠ ਨੂੰ ਸੱਚ ਕਹਿੰਦੇ ,
ਤੇ ਸੱਚ ਨੂੰ ਝੁਠਲਾਉਂਦੇ ,
ਗਗਨ ਦੁਨੀਆਂ ਤੇ ਮਤਲਬੀ ਯਾਰ ਬੜੇ ਨੇ।

ਕੁੱਝ ਲੋਕ ਗਿਰਗਟ ਦੀ ਤਰ੍ਹਾਂ ਹੁੰਦੇ ਹਨ ਜੋ ਮਤਲਬ ਨਿਕਲਦਿਆਂ ਹੀ ਰੰਗ ਬਦਲ ਲੈਂਦੇ ਹਨ।ਜੋ ਲੋਕ ਕਹਿੰਦੇ ਹਨ ਕਿ ਭਰੋਸਾ ਕਰੋ ਅਸੀਂ ਦੂਜਿਆਂ ਵਰਗੇ ਨਹੀਂ ਅਸਲ ਵਿੱਚ ਉਹੀ ਹੀ ਭਾਵਨਾਵਾਂ ਨਾਲ ਖੇਡਦੇ ਹਨ।ਮੌਕਾਪ੍ਰਸਤ ਲੋਕ ਜੁਬਾਨ ਦੇ ਥੋੜ੍ਹੇ ਜਿਆਦਾ ਮਿੱਠੇ ਹੁੰਦੇ ਹਨ ।ਮਤਲਬੀ ਤੇ ਝੂਠੇ ਲੋਕਾਂ ਕੋਲ ਮਤਲਬ ਕੱਢਣ ਦੇ ਬਹੁਤ ਤਰੀਕੇ ਹੁੰਦੇ ਹਨ ਉਹ ਖੁਦ ਹੀ ਗਵਾਹ ਬਣ ਜਾਂਦੇ ਹਨ ਤੇ ਖੁਦ ਹੀ ਵਕੀਲ ਤੇ ਜੱਜ ਬਣ ਜਾਂਦੇ ਹਨ।

ਕਿਸੇ ਨੇ ਬਾਖੂਬੀ ਮਤਲਬੀ ਲੋਕਾਂ ਬਾਰੇ ਕਿਹਾ ਹੈ

"ਮਤਲਬੀ ਲੋਕਾਂ ਨਾਲ ਰਹਿਣ ਦਾ ਮਜਾ ਹੀ ਵੱਖਰਾ ਹੈ ,
ਥੋੜ੍ਹੀ ਤਕਲੀਫ ਤਾਂ ਦਾ ਜਰੂਰ ਹੁੰਦੀ ਹੈ
ਪਰ ਦੁਨੀਆਂ ਦੇ ਦਰਸਨ ਉਹਨਾਂ ਦੇ ਅੰਦਰ ਹੋ ਜਾਂਦੇ ਹਨ।"

ਮਤਲਬੀ ਦੋਸਤ ਹਮੇਸਾ ਤੁਹਾਨੂੰ ਝੂਠ ਇਸ ਤਰ੍ਹਾਂ ਦੱਸਣਗੇ ਕਿ ਤੁਹਾਨੂੰ ਸੁਣਨ ਨੂੰ ਵਧੀਆਂ ਲੱਗੇ। ਬਿਲਕੁਲ ਠੀਕ ਕਿਹਾ ਹੈ ਕਿ -ਮਤਲਬ ਦਾ ਵਜਨ ਬਹੁਤ,ਜਿਆਦਾ ਹੈ ,ਤਾਂਹੀ ਤਾਂ ਮਤਲਬ ਨਿਕਲਦੇ ਹੀ ਰਿਸਤੇ ਹਲਕੇ ਹੋ ਜਾਂਦੇ ਹਨ।

ਮਤਲਬ ਨਾਲ ਕੀਤਾ ਪਿਆਰ ਕਿਤੇ ਨਾ ਕਿਤੇ ਬੰਦੇ ਨੂੰ ਏਹੋ ਜੀ ਠੋਕਰ ਮਾਰਦਾ ਬੰਦਾ ਕਿਸੇ ਕੰਮ ਦਾ ਹੀ ਨਹੀ ਰਹਿੰਦਾ,,

ਕਦੇ ਉਹਨਾਂ ਦੀ ਕਦਰ ਕਰਕੇ ਦੇਖੋ ਜੋ ਤਹਾਨੂੰ ਬਿਨਾਂ ਮਤਲਬ ਤੋਂ ਪਿਆਰ ਕਰਦੇ ਹਨ।ਇਹੋ। ਪਤਾ ਨਹੀਂ ਲੱਗਿਆ ਹਲੇ ਤੱਕ ਮੈਨੂੰ ਵੀ ਕਿ ਮਤਲਬ ਲਈ ਲੋਕ ਕਿਓ ਮੇਹਰਬਾਨ ਹੁੰਦੇ ਹਨ ।ਅੱਜ ਦੇ ਸਮੇਂ ਵਿੱਚ ਕੋਈ ਸੱਚਾ ਪਿਆਰ ਸੱਚਾ ਰਿਸਤਾ ਨਹੀਂ ਹੈ ਸਾਰੇ ਹੀ ਮਤਲਬ ਨਾਲ ਬੱਝੇ ਹੋਏ ਹਨ ,ਅੱਜ ਕੱਲ ਪਿਆਰ ਦਾ ਕੋਈ ਮਤਲਬ ਨਹੀਂ ਹੈ ਪਰ ਹਾਂ ਅੱਜ ਕੱਲ ਮਤਲਬ ਦਾ ਪਿਆਰ ਜਰੂਰ ਹੁੰਦਾ ਹੈ।ਅੱਜ ਤਾਂ ਮਤਲਬੀ ਲੋਕ ਏਥੋ ਤੱਕ ਗਿਰ ਚੁੱਕੇ ਹਨ ਕਿ ਰੱਬ ਵੀ ਮਤਲਬੀ ਲੋਕਾਂ ਨੂੰ ਬਦਲ ਨਹੀ ਸਕਿਆ ਜਦ ਕਿ ਮਤਲਬੀ ਲੋਕਾਂ ਨੇ ਅਨੇਕਾਂ ਰੱਬ ਬਦਲ ਲਏ ਹਨ।ਹਮੇਸਾਂ ਰਿਸਤੇ ਸਮਝਦਾਰੀ ਨਾਲ ਨਿਭਾਉਣੇ ਚਾਹੀਦੇ ਹਨ ਜਿਸ ਵਿੱਚ ਮਤਲਬ ਜਾਂ ਝੂਠ ਸਬਦ ਆ ਜਾਵੇ ਉਹ ਰਿਸਤੇ ਰਿਸਤੇ ਨਹੀਂ ਰਹਿੰਦੇ ਸਗੋਂ ਇੱਕ ਵਪਾਰ ਬਣ ਜਾਂਦੇ ਹਨ ।ਉਨ੍ਹਾਂ ਰਿਸਤਿਆਂ ਦੇ ਟੁੱਟਣ ਤੇ ਅਫਸੋਸ ਨਹੀ ਸੁਕਰ ਕਰਨਾ ਚਾਹੀਦਾ ਜਿਹੜੇ ਮਤਲਬ ਦੇ ਹੋਣ।

ਯਾਦ ਰੱਖਿਓ ਹਮੇਸਾ ਇੱਕ ਪਰਮਾਤਮਾ ਤੇ ਮਾਂ ਦਾ ਪਿਆਰ ਹੀ ਸੱਚਾ ਹੈ ਜੋ ਬਿਨਾ ਮਤਲਬ ਦੇ ਹੈ ।ਕਿਸੇ ਸਾਇਰ ਨੇ ਸਹੀ ਕਿਹਾ ਹੈ –

"ਇੱਕ ਮਾਂ ਦੂਜਾ ਰੱਬ ਮੈਨੂੰ ਦੋਵੇਂ ਆ ਪਿਆਰੇ
ਬਾਕੀ ਮਤਲਬ ਨਿਕਲੇ ਤੇ ਭੁੱਲ ਜਾਂਦੇ ਸਾਰੇ"

ਕੁੱਝ ਲੋਕ ਸਿਰਫ ਮਤਲਬ ਲਈ ਹੀ ਤੁਹਾਡੇ ਨਾਲ ਰਹਿਣਾ ਪਸੰਦ ਕਰਦੇ ਹਨ ਤੇ ਕੁੱਝ ਲੋਕਾਂ ਦੀ ਵਫਾ ਅਕਸਰ ਉੱਥੋਂ ਤੱਕ ਹੀ ਹੁੰਦੀ ਹੈ ਜਿੱਥੋਂ ਤੱਕ ਉਹਨਾਂ ਨੂੰ ਮਤਲਬ ਹੁੰਦਾ ਹੈ।ਮਤਲਬ ਲੋਕਾਂ ਨੇ ਰਿਸਤਿਆਂ ਦਾ ਵਪਾਰ ਬਣਾ ਦਿੱਤਾ ਜਦੋਂ ਜੀ ਚਾਹੋ ਅਪਣਾ ਲਵੋ ਜਦੋਂ ਜੀ ਕੀਤਾ ਤੋੜ ਦੇਵੋ । ਕਦਰ ਕਰੋ ਉਹਨਾ ਦੀ ਜੋ ਤੁਹਾਨੂੰ ਬਿਨਾ ਮਤਲਬ ਦੇ ਚਾਹੁੰਦੇ ਨੇ ਕਿਉਂਕਿ ਦੁਨੀਆਂ ਵਿੱਚ ਖਿਆਲ ਰੱਖਣ ਵਾਲੇ ਘੱਟ ਤੇ ਤਕਲੀਫ ਦੇਣ ਵਾਲੇ ਜਿਆਦਾ ਮਿਲਦੇ ਹਨ। ਅੱਜ ਦੇ ਯੁੱਗ ਵਿੱਚ ਪਿਆਰ ਅਤੇ ਮਤਲਬ ਰੇਤ ਵਿੱਚ ਮਿਲੀ ਹੋਈ ਖੰਡ ਵਾਂਗ ਨੇ, ਜਿਹਨਾਂ ਨੂੰ ਅੱਡ-ਅੱਡ ਕਰਨਾ ਮੁਸ਼ਕਿਲ ਹੀ ਨਹੀ ਅਸੰਭਵ ਹੈ !ਮਤਲਬੀ ਲੋਕਾਂ ਨੂੰ ਕਦੇ ਵੀ ਚੈਨ ਨਹੀਂ ਮਿਲਦਾ ਉਹ ਹਮੇਸਾ ਭਟਕਦੇ ਰਹਿੰਦੇ ਹਨ ਨਾ ਹੀ ਕੋਈ ਉਹਨਾਂ ਨੂੰ ਮੂੰਹ ਲਾਉਂਦਾ ਹੈ।ਮਤਲਬੀ ਲੋਕ ਚੰਗੇ ਲੋਕਾਂ ਦੀ ਜਿੰਦਗੀ ਵਿੱਚ ਜਿਆਦਾ ਸਮਾਂ ਨਹੀਂ ਠਹਿਰ ਸਕਦੇ ਕਿਉਂਕਿ ਸਮਝਦਾਰ ਲੋਕ ਹਮੇਸਾ ਹੀ ਉਹਨਾਂ ਤੋਂ ਕਿਨਾਰਾ ਕਰ ਲੈਂਦੇ ਹਨ।ਝੂਠੇ ਲੋਕ ਹਮੇਸਾ ਕਿਸੇ ਦੀ ਇਮਾਨਦਾਰੀ ਤੇ ਮਾਸੂਮੀਅਤ ਦਾ ਫਾਇਦਾ ਉਠਾਉਂਦੇ ਹਨ ਤੇ ਉਹਨਾਂ ਦੇ ਫੁੱਲਾਂ ਜਿਹੇ ਦਿਲ ਨੂੰ ਝੰਜੋੜ ਕੇ ਰੱਖ ਦਿੰਦੇ ਹਨ ਜੋ ਕਿ ਸਭ ਤੋ ਵੱਡਾ ਜੁਰਮ ਹੈ।ਉਹਨਾਂ ਦੀਆ ਭਾਵਨਾਵਾਂ ਨਾਲ ਖੇਡਦੇ ਹਨ ਜਦੋਂ ਜੀ ਭਰ ਜਾਂਦਾ ਹੈ ਤਾਂ ਦੂਰ ਹੋਣ ਦੇ ਬਹਾਨੇ ਘੜਦੇ ਹਨ।ਅਜਿਹੇ ਲੋਕਾਂ ਤੋ ਜਿੰਨਾ ਬਚਿਆ ਜਾਵੇ ਚੰਗਾ ਹੈ।ਕਦੇ ਵੀ ਕਿਸੇ ਨਾਲ ਮਾੜਾ ਵਿਵਹਾਰ ਨਾ ਕਰੋ ਨਾ ਹੀ ਕੋਈ ਮਤਲਬ ਦਾ ਰਿਸਤਾ ਬਣਾਓ ਜਦੋਂ ਕੋਈ ਮਤਲਬ ਦਾ ਬਣਾਇਆ ਰਿਸਤਾ ਟੁੱਟਦਾ ਹੈ ਤਾਂ ਪਤਾ ਨਹੀਂ ਕਿੰਨਿਆਂ ਦਾ ਵਿਸਵਾਸ ਚਕਨਾਚੂਰ ਹੋ ਜਾਂਦਾ ਹੈ।ਤੇ ਕਿੰਨੇ ਹੀ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ।ਮਤਲਬ ਦੇ ਰਿਸਤਿਆਂ ਤੋਂ ਹਮੇਸਾ ਦੂਰੀ ਬਣਾ ਕੇ ਰੱਖੋ।

**ਪ੍ਰੋ.ਗਗਨਦੀਪ ਕੌਰ ਧਾਲੀਵਾਲ**
9988933161

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਡਿਪ੍ਰੈਸ਼ਨ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS -** 1) ਸਰੀਰਕ ਸ਼ਕਤੀ ANAEMIA ... £120

2) ਮਾਨਸਿਕ ਸ਼ਕਤੀ ਲਈ: (NERVE TONIC) ... £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) £35
2) £35
3) (HEALTHY SPERMS) £40
4) £35
5) £35
6) £30
7) £25
8) £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE)

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE. MRS. JASWINDER KAUR KHANBA BSYA. (HOM.) (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION

ਨੁਸਖਾ ਨੰਬਰ 1 (IN TABLETS) (PIGMENTATION WHITE SPOTS) £69
ਨੁਸਖਾ ਨੰਬਰ 2 (IN CAPSULES OR IN PEARLS) PROPER SHAPE £89
ਨੁਸਖਾ ਨੰਬਰ 3 (IN CAPSULES) (POWERFUL FAT BURNER) £69
ਨੁਸਖਾ ਨੰਬਰ 4 (IN CAPSULES) (FLABBY & OUT OF SHAPE BELLY) FLAT TONED £69
ਨੁਸਖਾ ਨੰਬਰ 5 (IN CAPSULES) (FEMALE SEX-DRIVE) A REAL MAGIC £69
ਨੁਸਖਾ ਨੰਬਰ 6 (GEL IN APPLICATORS) SEXUAL DISCOMFORT (VAGINAL LUBRICATION GEL / MAGIC) £49
ਨੁਸਖਾ ਨੰਬਰ 7 (IN CAPSULES) (MENOPAUSE) CALCIUM (OSTEOPOROSIS) £59
ਨੁਸਖਾ ਨੰਬਰ 8 (IN CAPSULES) £59
ਨੁਸਖਾ ਨੰਬਰ 9 (IN CAPSULES) £59
ਨੁਸਖਾ ਨੰਬਰ 10 (IN CAPSULES) GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) (ANAEMIA) £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) (SPECIAL OCCASIONS) £89
ਨੁਸਖਾ ਨੰਬਰ 13 (IN VIALS) £89
ਨੁਸਖਾ ਨੰਬਰ 14 (IN TABLETS) SEXUAL MALE DISORDERS £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy)

## EXTERNAL USE ਲਈ LOTION, OIL OINTMENT, LINIMENT ਅਤੇ CAPSULES ... SPECIFIC BRANDS ...

PILAES (IN OINTMENT) £19
NURALACO (IN OINTMENT OR LOTION) £19
CHILLAGA (IN OINTMENT OR LOTION) £19
ARNSTRA (IN OINTMENT) (BRUISES) (BED SORES) £19
BELINFLA (IN OIL OR OINTMENT) £19
BELULCE (IN OIL) ULCERS £19
BRYJOIN (IN OIL) £19
CALWOUN (IN OIL OR OINTMENT) £19
BURCAN (IN LOTION OR OINTMENT) £19
ROUTUM (IN OINTMENT) £19
JOINRHU (IN OIL) £19
ASSSIL (IN LOTION) £19
ITCSUL (IN OIL) £19
WARTHU (IN OIL) (WARTS) £19

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਊਰਜਾ ਲਾਕਡਾਊਨ (ENERGY LOCKDOWN)

ਊਰਜਾ ਆਧੁਨਿਕ ਸਭਿਆਚਾਰ ਦੀ ਰੀੜ ਦੀ ਹੱਡੀ ਹੈ। ਬਿਜਲੀ, ਪੈਟਰੋਲੀਅਮ, ਕੁਦਰਤੀ ਗੈਸ ਅਤੇ ਹੋਰ ਊਰਜਾ ਸਰੋਤ ਆਵਾਜਾਈ, ਖੇਤੀਬਾੜੀ, ਸਿਹਤ ਸੇਵਾਵਾਂ, ਸੰਚਾਰ ਅਤੇ ਉਦਯੋਗ ਨੂੰ ਚਲਾਉਣ ਲਈ ਬਹੁਤ ਮਹੱਤਵਪੂਰਣ ਹਨ। ਜਦੋਂ ਇਹਨਾਂ ਸਰੋਤਾਂ ਦੀ ਸਪਲਾਈ ਬਹੁਤ ਘੱਟ ਹੋ ਜਾਂਦੀ ਹੈ, ਤਦ ਸਮਾਜ ਇੱਕ ਗੰਭੀਰ ਊਰਜਾ ਸੰਕਟ ਦਾ ਸਾਹਮਣਾ ਕਰਦਾ ਹੈ।

ਊਰਜਾ ਲਾਕਡਾਊਨ ਉਹ ਹਾਲਤ ਹੁੰਦੀ ਹੈ ਜਦੋਂ ਸਰਕਾਰ ਜਾਂ ਅਧਿਕਾਰੀਆਂ ਵੱਲੋਂ ਊਰਜਾ ਸਰੋਤਾਂ ਦੀ ਘਾਟ ਦੇ ਸਮੇਂ ਉਨ੍ਹਾਂ ਦੀ ਵਰਤੋਂ 'ਤੇ ਨਿਯੰਤਰਣ ਜਾਂ ਰੋਕ ਲਾਗੂ ਕੀਤੀ ਜਾਂਦੀ ਹੈ ਤਾਂ ਜੋ ਜ਼ਰੂਰੀ ਸੇਵਾਵਾਂ ਜਾਰੀ ਰਹਿਣ ਅਤੇ ਊਰਜਾ ਪ੍ਰਣਾਲੀ ਦਾ ਪੂਰਾ ਢਹਿ ਜਾਣ ਤੋਂ ਬਚਾਅ ਕੀਤਾ ਜਾ ਸਕੇ।

ਸਾਧਾਰਣ ਸ਼ਬਦਾਂ ਵਿੱਚ, ਊਰਜਾ ਲਾਕਡਾਊਨ ਦਾ ਅਰਥ ਹੈ ਕਿ ਬਿਜਲੀ, ਬਾਲਣ ਜਾਂ ਗੈਸ ਦੀ ਵਰਤੋਂ 'ਤੇ ਸਰਕਾਰ ਵੱਲੋਂ ਲਗਾਈ ਗਈ ਸੀਮਿਤ ਪਾਬੰਦੀ, ਜੋ ਕਿ ਵੱਡੀ ਊਰਜਾ ਘਾਟ ਦੇ ਸਮੇਂ ਲਾਗੂ ਕੀਤੀ ਜਾਂਦੀ ਹੈ। ਅਕਸਰ ਊਰਜਾ ਸੰਕਟ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਊਰਜਾ ਸਰੋਤਾਂ ਦੀ ਸਪਲਾਈ ਮੰਗ ਦੇ ਮੁਕਾਬਲੇ ਘੱਟ ਹੋ ਜਾਵੇ, ਜਿਸ ਕਾਰਨ ਬਿਜਲੀ ਦੀ ਕਮੀ, ਬਲੈਕਆਊਟ ਅਤੇ ਬਾਲਣ ਦੀਆਂ ਕੀਮਤਾਂ ਵਿੱਚ ਵਾਧਾ ਹੋ ਜਾਂਦਾ ਹੈ।

ਊਰਜਾ ਲਾਕਡਾਊਨ ਦੀ ਪਰਿਭਾਸ਼ਾ

ਇਹ ਉਹ ਸਥਿਤੀ ਹੈ ਜਿਸ ਵਿੱਚ ਸਰਕਾਰ ਜਾਂ ਅਧਿਕਾਰੀ ਬਾਲਣ , ਬਿਜਲੀ ਜਾਂ ਹੋਰ ਊਰਜਾ ਸਰੋਤਾਂ ਦੀ ਘਾਟ ਦੇ ਕਾਰਨ ਉਨ੍ਹਾਂ ਦੀ ਖਪਤ 'ਤੇ ਸਖ਼ਤ ਨਿਯੰਤਰਣ, ਰੋਕ ਜਾਂ ਘਟਾਉ ਲਾਗੂ ਕਰਦੇ ਹਨ।

ਇਸ ਵਿੱਚ ਹੇਠ ਲਿਖੇ ਕਦਮ ਸ਼ਾਮਲ ਹੋ ਸਕਦੇ ਹਨ:

ਬਾਲਣ ਦੀ ਸੰਭਾਲ, ਬਿਜਲੀ ਦੀ ਸੀਮਿਤ ਸਪਲਾਈ, ਨਿਰਧਾਰਤ ਸਮੇਂ ਲਈ ਬਿਜਲੀ ਕਟੌਤੀ, ਉਦਯੋਗਿਕ ਕਾਰਜਾਂ 'ਤੇ ਪਾਬੰਦੀਆਂ, ਆਵਾਜਾਈ ਲਈ ਬਾਲਣ ਦੀ ਸੀਮਿਤ ਉਪਲੱਬਧਤਾ

ਐਲ ਪੀ ਜੀ ਜਾਂ ਗੈਸ ਦੀ ਨਿਯੰਤਰਿਤ ਸਪਲਾਈ

ਕਈ ਗੰਭੀਰ ਹਾਲਤਾਂ ਵਿੱਚ ਊਰਜਾ ਸਾਂਝ ਸੰਭਾਲ ਪ੍ਰਣਾਲੀ ਲਾਗੂ ਕੀਤੀ ਜਾ ਸਕਦੀ ਹੈ, ਜਿਸ ਵਿੱਚ ਵਿਅਕਤੀਆਂ ਅਤੇ ਉਦਯੋਗਾਂ ਨੂੰ ਊਰਜਾ ਦੀ ਸੀਮਿਤ ਮਾਤਰਾ ਹੀ ਮਿਲਦੀ ਹੈ।

ਊਰਜਾ ਲਾਕਡਾਊਨ ਦੇ ਮੁੱਖ ਕਾਰਨ

ਕਈ ਕਾਰਕ ਊਰਜਾ ਲਾਕਡਾਊਨ ਦਾ ਕਾਰਨ ਬਣ ਸਕਦੇ ਹਨ।

ਜੰਗ ਅਤੇ ਭੂ-ਰਾਜਨੀਤਿਕ ਟਕਰਾਅ, ਜੰਗਾਂ ਤੇਲ ਦੀ ਸਪਲਾਈ ਦੇ ਰਸਤੇ, ਪਾਈਪਲਾਈਨਾਂ, ਰਿਫਾਈਨਰੀਆਂ ਅਤੇ ਜਹਾਜ਼ੀ ਰਸਤੇ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

ਉਦਾਹਰਨ ਵਜੋਂ ਮੱਧ ਪੂਰਬ ਦੇ ਸੰਘਰਸ਼, ਤੇਲ ਢਾਂਚੇ 'ਤੇ ਹਮਲੇ, ਸਮੁੰਦਰੀ ਰਸਤੇ ਦੀ ਨਾਕਾਬੰਦੀ, ਇਤਿਹਾਸਕ ਤੌਰ 'ਤੇ ਜੰਗਾਂ ਨੇ ਵਿਸ਼ਵ ਪੱਧਰ 'ਤੇ ਊਰਜਾ ਘਾਟ ਪੈਦਾ ਕੀਤੀ ਹੈ।

ਤੇਲ ਦੀ ਸਪਲਾਈ ਵਿੱਚ ਰੁਕਾਵਟ

ਕਈ ਦੇਸ਼ ਆਯਾਤ ਕੀਤੇ ਤੇਲ 'ਤੇ ਨਿਰਭਰ ਹੁੰਦੇ ਹਨ। ਜੇਕਰ ਸਪਲਾਈ ਚੇਨ ਟੁੱਟ ਜਾਵੇ ਤਾਂ ਊਰਜਾ ਦੀ ਕਮੀ ਪੈਦਾ ਹੋ ਜਾਂਦੀ ਹੈ। ਵਿਸ਼ਵ ਦੇ ਮਹੱਤਵਪੂਰਣ ਸਮੁੰਦਰੀ ਰਸਤੇ ਹਨ ਹੁਰਮੁਜ਼ ਦੀ ਖਾੜੀ, ਸੁਏਜ਼ ਨਹਿਰ। ਇਨ੍ਹਾਂ ਵਿੱਚ ਰੁਕਾਵਟ ਆਉਣ ਨਾਲ ਵਿਸ਼ਵ ਊਰਜਾ ਬਾਜ਼ਾਰ ਪ੍ਰਭਾਵਿਤ ਹੋ ਸਕਦਾ ਹੈ।

ਊਰਜਾ ਦੀ ਅਧਿਕ ਖਪਤ

ਆਬਾਦੀ ਵਿੱਚ ਵਾਧਾ ਅਤੇ ਉਦਯੋਗੀਕਰਨ ਊਰਜਾ




ਦੀ ਮੰਗ ਨੂੰ ਬਹੁਤ ਤੇਜ਼ੀ ਨਾਲ ਵਧਾਉਂਦੇ ਹਨ।

ਢਾਂਚਾਗਤ ਨਾਕਾਮੀਆਂ

ਬਿਜਲੀ ਘਰਾਂ ਨੂੰ ਨੁਕਸਾਨ, ਪਾਈਪਲਾਈਨਾਂ ਦੀ ਖਰਾਬੀ, ਕਮਜ਼ੋਰ ਬਿਜਲੀ ਗ੍ਰਿਡ ਜਾਂ ਕੁਦਰਤੀ ਆਫ਼ਤਾਂ ਊਰਜਾ ਸਪਲਾਈ ਨੂੰ ਘਟਾ ਸਕਦੀਆਂ ਹਨ।

ਬਾਜ਼ਾਰੀ ਹੇਰਾਫੇਰੀ ਅਤੇ ਆਰਥਿਕ ਕਾਰਕ

ਤੇਲ ਬਾਜ਼ਾਰਾਂ ਵਿੱਚ ਸਟਾਕਬਾਜ਼ੀ ਜਾਂ ਰਾਜਨੀਤਿਕ ਫੈਸਲੇ ਜਿਵੇਂ ਪਾਬੰਦੀਆਂ ਵੀ ਕਮੀ ਪੈਦਾ ਕਰ ਸਕਦੇ ਹਨ।

ਵਾਤਾਵਰਣੀ ਜਾਂ ਕੁਦਰਤੀ ਕਾਰਨ

ਅਤਿਅਧਿਕ ਮੌਸਮੀ ਹਾਲਾਤ ਖ਼ਾਸ ਕਰਕੇ ਜਲ-ਬਿਜਲੀ ਜਾਂ ਨਵੀਨੀਕਰਨਯੋਗ ਊਰਜਾ ਉਤਪਾਦਨ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਇਰਾਨ-ਇਜ਼ਰਾਇਲ-ਅਮਰੀਕਾ ਜੰਗ ਦਾ ਊਰਜਾ ਲਾਕਡਾਊਨ 'ਤੇ ਸੰਭਾਵੀ ਪ੍ਰਭਾਵ

ਜੇ ਇਰਾਨ, ਇਜ਼ਰਾਇਲ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਵੱਡਾ ਸੰਘਰਸ਼ ਹੁੰਦਾ ਹੈ ਤਾਂ ਇਹ ਵਿਸ਼ਵ ਪੱਧਰ 'ਤੇ ਊਰਜਾ ਸਪਲਾਈ ਨੂੰ ਬਹੁਤ ਪ੍ਰਭਾਵਿਤ ਕਰ ਸਕਦਾ ਹੈ।

ਵਿਸ਼ਵ ਤੇਲ ਆਵਾਜਾਈ ਵਿੱਚ ਰੁਕਾਵਟ

ਇਰਾਨ ਹੁਰਮੁਜ਼ ਦੀ ਖਾੜੀ ਦੇ ਨੇੜੇ ਸਥਿਤ ਹੈ, ਜੋ ਕਿ ਵਿਸ਼ਵ ਦੇ ਤੇਲ ਆਵਾਜਾਈ ਲਈ ਬਹੁਤ ਮਹੱਤਵਪੂਰਣ ਰਸਤਾ ਹੈ।

ਜੇਕਰ ਇਹ ਰਸਤਾ ਬੰਦ ਹੋ ਜਾਵੇ ਤਾਂ ਤੇਲ ਦੀ ਸਪਲਾਈ ਰੁਕ ਸਕਦੀ ਹੈ। ਇੰਧਨ ਦੀਆਂ ਕੀਮਤਾਂ ਤੇਜ਼ੀ ਨਾਲ ਵੱਧ ਸਕਦੀਆਂ ਹਨ। ਆਯਾਤ 'ਤੇ ਨਿਰਭਰ ਦੇਸ਼ਾਂ ਵਿੱਚ ਘਾਟ ਪੈਦਾ ਹੋ ਸਕਦੀ ਹੈ।

ਵਿਸ਼ਵ ਪੱਧਰ 'ਤੇ ਇੰਧਨ ਦੀਆਂ ਕੀਮਤਾਂ ਵਿੱਚ ਵਾਧਾ

ਜੰਗ ਕਾਰਨ ਊਰਜਾ ਬਾਜ਼ਾਰਾਂ ਵਿੱਚ ਅਸਥਿਰਤਾ ਪੈਦਾ ਹੁੰਦੀ ਹੈ।

ਸੰਭਾਵੀ ਪ੍ਰਭਾਵ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵੱਧਣ

ਬਿਜਲੀ ਉਤਪਾਦਨ ਮਹਿੰਗਾ ਹੋਣਾ, ਆਵਾਜਾਈ ਦੀ ਲਾਗਤ ਵੱਧਣਾ, ਸਪਲਾਈ ਚੇਨ ਦਾ ਟੁੱਟਣਾ, ਊਰਜਾ ਆਵਾਜਾਈ ਅਤੇ ਉਤਪਾਦਨ ਲਈ ਬਹੁਤ ਜ਼ਰੂਰੀ ਹੈ। ਕਮੀ ਕਾਰਨ

ਖਾਦ ਸਪਲਾਈ ਵਿੱਚ ਰੁਕਾਵਟ, ਉਦਯੋਗਿਕ ਬੰਦਸ਼, ਖੇਤੀਬਾੜੀ ਉਤਪਾਦਨ ਵਿੱਚ ਘਾਟ, ਆਰਥਿਕ ਮੰਦੀ ਉਤਪੰਨ ਹੋ ਸਕਦੀ ਹੈ

ਊਰਜਾ ਹਰ ਉਤਪਾਦਨ ਦੀ ਬੁਨਿਆਦੀ ਲੋੜ ਹੈ। ਇਸ ਦੀ ਕਮੀ ਨਾਲ ਉਦਯੋਗ ਮੰਦੇ ਪੈ ਜਾਂਦੇ ਹਨ, ਬੇਰੁਜ਼ਗਾਰੀ ਵੱਧਦੀ ਹੈ, ਆਰਥਿਕ ਵਿਕਾਸ ਘਟਦਾ ਹੈ, ਫੌਜੀ ਊਰਜਾ ਦੀ ਵੱਧ ਖਪਤ, ਜੰਗਾਂ ਵਿੱਚ ਜਹਾਜ਼ਾਂ, ਟੈਂਕਾਂ, ਜਹਾਜ਼ੀ ਬੇੜਿਆਂ ਅਤੇ ਲਾਜਿਸਟਿਕ ਕਾਰਵਾਈਆਂ ਲਈ ਬਹੁਤ ਵੱਡੀ ਮਾਤਰਾ ਵਿੱਚ ਇੰਧਨ ਦੀ ਲੋੜ ਹੁੰਦੀ ਹੈ।

ਊਰਜਾ ਲਾਕਡਾਊਨ ਦੇ ਸਮਾਜਿਕ ਅਤੇ ਸਿਹਤ ਸੰਬੰਧੀ ਪ੍ਰਭਾਵ

ਸਿਹਤ ਸੇਵਾਵਾਂ ਵਿੱਚ ਰੁਕਾਵਟ

ਹਸਪਤਾਲਾਂ ਨੂੰ ਬਿਜਲੀ ਦੀ ਲੋੜ ਹੁੰਦੀ ਹੈ ਜੀਵਨ ਬਚਾਉਣ ਵਾਲੀਆਂ ਮਸ਼ੀਨਾਂ, ਆਕਸੀਜਨ ਪ੍ਰਣਾਲੀਆਂ, ਡਾਇਗਨੋਸਟਿਕ ਉਪਕਰਣ, ਦਵਾਈਆਂ ਦੀ ਠੰਡੀ ਸਟੋਰੇਜ ਆਦਿ ਉਪਕਰਣ ਸਭ ਊਰਜਾ ਦੀ ਵਰਤੋਂ ਕਰਦੇ ਹਨ। ਬਿਜਲੀ ਦੀ ਕਮੀ ਮਰੀਜ਼ਾਂ ਦੀ ਜਾਨ ਲਈ ਖਤਰਾ ਬਣ ਸਕਦੀ ਹੈ।

ਖਾਣ-ਪੀਣ ਅਤੇ ਪਾਣੀ ਦੀ ਸਪਲਾਈ

ਊਰਜਾ ਦੀ ਲੋੜ ਹੁੰਦੀ ਹੈ ਸਿੰਚਾਈ, ਖਾਣੇ ਦੀ ਪ੍ਰੋਸੈਸਿੰਗ, ਰੈਫ੍ਰਿਜਰੇਸ਼ਨ, ਪਾਣੀ ਸ਼ੁੱਧੀਕਰਨ ਆਦਿ ਜ਼ਰੂਰੀ ਕਿਰਿਆਵਾਂ ਲਈ ਅਤੇ ਊਰਜਾ ਦੀ ਕਮੀ ਨਾਲ ਭੋਜਨ ਅਤੇ ਪਾਣੀ ਦੀ ਘਾਟ ਹੋ ਸਕਦੀ ਹੈ।

ਮਾਨਸਿਕ ਤਣਾਅ ਅਤੇ ਚਿੰਤਾ

ਊਰਜਾ ਦੀ ਘਾਟ ਲੋਕਾਂ ਵਿੱਚ ਡਰ ਅਤੇ ਤਣਾਅ ਪੈਦਾ ਕਰਦੀ ਹੈ।

ਆਰਥਿਕ ਗਤੀਵਿਧੀ ਵਿੱਚ ਕਮੀ

ਕਾਰਖਾਨੇ ਬੰਦ ਹੋ ਸਕਦੇ ਹਨ ਜਿਸ ਨਾਲ ਬੇਰੁਜ਼ਗਾਰੀ ਵੱਧਦੀ ਹੈ।

ਊਰਜਾ ਲਾਕਡਾਊਨ ਦੌਰਾਨ ਘਬਰਾਹਟ ਦੇ ਕਾਰਨ ਕਮੀ ਦਾ ਡਰ

ਲੋਕਾਂ ਨੂੰ ਡਰ ਹੁੰਦਾ ਹੈ ਕਿ ਜ਼ਰੂਰੀ ਇੰਧਨ ਖਤਮ ਹੋ ਸਕਦਾ ਹੈ।

ਡਰ ਕਾਰਣ ਵੱਧ ਖਰੀਦਦਾਰੀ

ਲੋਕ ਜ਼ਰੂਰਤ ਤੋਂ ਵੱਧ ਖਰੀਦਦਾਰੀ ਕਰਦੇ ਹਨ ਪੈਟਰੋਲ,

ਡੀਜ਼ਲ, ਐਲ ਪੀ ਜੀ ਸਿਲੰਡਰ, ਬੈਟਰੀਆਂ, ਜਨਰੇਟਰ।

ਅਫਵਾਹਾਂ ਅਤੇ ਗਲਤ ਜਾਣਕਾਰੀ

ਸੋਸ਼ਲ ਮੀਡੀਆ 'ਤੇ ਫੈਲੀਆਂ ਅਫਵਾਹਾਂ ਘਬਰਾਹਟ ਵਧਾਉਂਦੀਆਂ ਹਨ।

ਸਰਕਾਰ 'ਤੇ ਭਰੋਸੇ ਦੀ ਕਮੀ

ਜੇ ਲੋਕਾਂ ਨੂੰ ਲੱਗੇ ਕਿ ਸਰਕਾਰ ਹਾਲਤ ਸੰਭਾਲ ਨਹੀਂ ਸਕਦੀ ਤਾਂ ਡਰ ਵਧ ਜਾਂਦਾ ਹੈ।

ਕੀਮਤਾਂ ਵਿੱਚ ਅਚਾਨਕ ਵਾਧਾ

ਇੰਧਨ ਦੀਆਂ ਕੀਮਤਾਂ ਵਿੱਚ ਤੇਜ਼ ਵਾਧਾ ਅਸਥਿਰਤਾ ਪੈਦਾ ਕਰਦਾ ਹੈ।

ਊਰਜਾ ਲਾਕਡਾਊਨ ਦੌਰਾਨ ਸਾਵਧਾਨੀਆਂ

ਊਰਜਾ ਦੀ ਬਚਤ, ਘਰਾਂ ਵਿੱਚ ਬੇਕਾਰ ਬੱਤੀਆਂ ਬੰਦ ਰੱਖਣੀਆਂ, ਏਅਰ ਕੰਡੀਸ਼ਨਰ ਘੱਟ ਵਰਤਣਾ ਅਤੇ ਊਰਜਾ ਬਚਾਉਣ ਵਾਲੇ ਉਪਕਰਣ ਵਰਤਣੇ ਚਾਹੀਦੇ ਹਨ।

ਨਵੀਨੀਕਰਨਯੋਗ ਊਰਜਾ ਦੀ ਵਰਤੋਂ

ਸੋਲਰ ਪੈਨਲ ਅਤੇ ਛੋਟੇ ਨਵੀਨੀਕਰਨਯੋਗ ਪ੍ਰਣਾਲੀਆਂ ਤੇਲ 'ਤੇ ਨਿਰਭਰਤਾ ਘਟਾ ਸਕਦੀਆਂ ਹਨ।

ਰਣਨੀਤਕ ਊਰਜਾ ਭੰਡਾਰ

ਸਰਕਾਰਾਂ ਐਮਰਜੈਂਸੀ ਲਈ ਪੈਟਰੋਲਿਅਮ ਦੇ ਭੰਡਾਰ ਰੱਖਦੀਆਂ ਹਨ।

ਊਰਜਾ ਸਰੋਤਾਂ ਦੀ ਵਿਭਿੰਨਤਾ

ਦੇਸ਼ਾਂ ਨੂੰ ਸੂਰਜੀ ਊਰਜਾ, ਪੌਣ ਊਰਜਾ, ਪਰਮਾਣੂ ਊਰਜਾ ਅਤੇ ਜਲ-ਬਿਜਲੀ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ।

ਜਨਤਕ ਜਾਗਰੂਕਤਾ

ਲੋਕਾਂ ਨੂੰ ਜ਼ਿੰਮੇਵਾਰ ਊਰਜਾ ਵਰਤੋਂ ਬਾਰੇ ਸਿੱਖਿਆ ਦੇਣਾ ਜ਼ਰੂਰੀ ਹੈ।

ਸਰਕਾਰੀ ਨੀਤੀਆਂ

ਸਰਕਾਰ ਨਿਯੰਤਰਿਤ ਇੰਧਨ ਵੰਡ ਅਤੇ ਬਿਜਲੀ ਕਟੌਤੀ ਦੇ ਸਮਾਂ-ਸਾਰਣੀ ਲਾਗੂ ਕਰ ਸਕਦੀ ਹੈ।

ਊਰਜਾ ਸੁਰੱਖਿਆ ਦਾ ਭਵਿੱਖ

ਊਰਜਾ ਲਾਕਡਾਊਨ ਦੀ ਧਾਰਣਾ ਸਾਨੂੰ ਊਰਜਾ ਆਤਮਨਿਰਭਰਤਾ ਅਤੇ ਟਿਕਾਊ ਊਰਜਾ ਪ੍ਰਣਾਲੀਆਂ ਦੀ ਲੋੜ ਬਾਰੇ ਜਾਗਰੂਕ ਕਰਦੀ ਹੈ।

ਭਵਿੱਖ ਵਿੱਚ ਸੰਭਾਵੀ ਹੱਲ ਹਨ:

ਗ੍ਰੀਨ ਹਾਈਡਰੋਜਨ ਊਰਜਾ, ਉੱਚ ਪੱਧਰੀ ਬੈਟਰੀ ਸਟੋਰੇਜ

ਸਮਾਰਟ ਬਿਜਲੀ ਗ੍ਰਿਡ।

ਵੱਡੇ ਪੱਧਰ 'ਤੇ ਨਵੀਨੀਕਰਨਯੋਗ ਊਰਜਾ

ਇਹ ਤਕਨੀਕਾਂ ਭਵਿੱਖ ਵਿੱਚ ਊਰਜਾ ਸੰਕਟ ਦੇ ਖ਼ਤਰੇ ਨੂੰ ਘਟਾ ਸਕਦੀਆਂ ਹਨ।

ਊਰਜਾ ਲਾਕਡਾਊਨ ਇੱਕ ਗੰਭੀਰ ਐਮਰਜੈਂਸੀ ਸਥਿਤੀ ਹੈ ਜੋ ਇੰਧਨ ਜਾਂ ਬਿਜਲੀ ਦੀ ਭਾਰੀ ਘਾਟ ਕਾਰਨ ਪੈਦਾ ਹੁੰਦੀ ਹੈ। ਇਹ ਜੰਗਾਂ, ਸਪਲਾਈ ਵਿੱਚ ਰੁਕਾਵਟ, ਅਧਿਕ ਖਪਤ ਜਾਂ ਢਾਂਚਾਗਤ ਨਾਕਾਮੀਆਂ ਕਾਰਨ ਹੋ ਸਕਦੀ ਹੈ।

ਜੇ ਇਰਾਨ, ਇਜ਼ਰਾਇਲ ਅਤੇ ਅਮਰੀਕਾ ਵਰਗੀਆਂ ਵੱਡੀਆਂ ਤਾਕਤਾਂ ਵਿਚਕਾਰ ਟਕਰਾਅ ਵੱਧਦਾ ਹੈ ਤਾਂ ਇਹ ਵਿਸ਼ਵ ਪੱਧਰ 'ਤੇ ਊਰਜਾ ਸਪਲਾਈ ਨੂੰ ਬਹੁਤ ਪ੍ਰਭਾਵਿਤ ਕਰ ਸਕਦਾ ਹੈ ਅਤੇ ਵਿਆਪਕ ਘਾਟ ਪੈਦਾ ਕਰ ਸਕਦਾ ਹੈ।

ਅਜਿਹੇ ਸੰਕਟਾਂ ਨੂੰ ਰੋਕਣ ਲਈ ਲੰਬੇ ਸਮੇਂ ਦੀ ਯੋਜਨਾ, ਊਰਜਾ ਸਰੋਤਾਂ ਦੀ ਵਿਭਿੰਨਤਾ, ਪ੍ਰਭਾਵਸ਼ਾਲੀ ਖਪਤ ਅਤੇ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਊਰਜਾ ਸੁਰੱਖਿਆ ਸਿਰਫ਼ ਆਰਥਿਕ ਮਸਲਾ ਨਹੀਂ ਹੈ, ਸਗੋਂ ਵਿਸ਼ਵ ਸਥਿਰਤਾ ਅਤੇ ਮਨੁੱਖੀ ਭਲਾਈ ਦਾ ਇੱਕ ਅਹਿਮ ਹਿੱਸਾ ਹੈ।




**ਡਾ. ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਬਿਰਧ ਆਸ਼ਰਮਾਂ ਦੀਆਂ ਕੰਧਾਂ ਦਾ ਰੁਦਨ: ਮਰ ਰਹੀਆਂ ਸੰਵੇਦਨਾਵਾਂ ਅਤੇ ਖੋਖਲੀ ਤਰੱਕੀ



ਅੱਜ ਦਾ ਮਨੁੱਖ ਬ੍ਰਹਿਮੰਡ ਦੀਆਂ ਗੁੰਝਲਾਂ ਸੁਲਝਾ ਰਿਹਾ ਹੈ, ਚੰਨ ਅਤੇ ਮੰਗਲ ਗ੍ਰਹਿ ਦੀ ਛਾਤੀ 'ਤੇ ਜੀਵਨ ਦੀਆਂ ਪੈੜਾਂ ਲੱਭ ਰਿਹਾ ਹੈ। ਵਿਗਿਆਨ ਨੇ ਸਾਡੀਆਂ ਜੇਬਾਂ ਵਿੱਚ ਪਈਆਂ ਛੋਟੀਆਂ ਜਿਹੀਆਂ ਮਸ਼ੀਨਾਂ ਰਾਹੀਂ ਪੂਰੀ ਦੁਨੀਆਂ ਨੂੰ ਸਾਡੀ ਮੁੱਠੀ ਵਿੱਚ ਕੈਦ ਕਰ ਦਿੱਤਾ ਹੈ। ਅਸੀਂ ਬੜੇ ਫ਼ਖ਼ਰ ਨਾਲ ਆਪਣੇ ਆਪ ਨੂੰ ਇਤਿਹਾਸ ਦੀ ਸਭ ਤੋਂ ਵੱਧ ਪੜ੍ਹੀ-ਲਿਖੀ, ਸਭਿਅਕ ਅਤੇ ਤਰੱਕੀ-ਯਾਫ਼ਤਾ ਪੀੜ੍ਹੀ ਐਲਾਨਦੇ ਹਾਂ। ਪਰ, ਜਦੋਂ ਅਸੀਂ ਆਪਣੀ ਇਸ ਅਖੌਤੀ ਤਰੱਕੀ ਦੇ ਸ਼ੀਸ਼ੇ ਸਾਹਮਣੇ ਖੜ੍ਹਦੇ ਹਾਂ ਅਤੇ ਸ਼ਹਿਰਾਂ ਦੇ ਬਾਹਰਵਾਰ ਖੁੰਬਾਂ ਵਾਂਗ ਉੱਗ ਰਹੀਆਂ 'ਬਿਰਧ ਆਸ਼ਰਮਾਂ' ਦੀਆਂ ਇਮਾਰਤਾਂ ਵੱਲ ਝਾਤ ਮਾਰਦੇ ਹਾਂ, ਤਾਂ ਸਾਡੇ ਸਭਿਅਕ ਹੋਣ ਦਾ ਮਖੌਟਾ ਲੀਰਾਂ-ਲੀਰ ਹੋ ਕੇ ਡਿੱਗ ਪੈਂਦਾ ਹੈ। ਹਕੀਕਤ ਇਹ ਹੈ ਕਿ ਪਦਾਰਥਵਾਦ ਦੀ ਅੰਨ੍ਹੀ ਦੌੜ ਵਿੱਚ ਮਨੁੱਖ ਨੇ ਆਪਣੀ ਰੂਹ ਦਾ ਸੌਦਾ ਕਰ ਲਿਆ ਹੈ। ਸਾਡੇ ਘਰਾਂ ਦੇ ਵਿਹੜਿਆਂ 'ਚੋਂ ਬੁਢਾਪੇ ਦੀ ਛਾਂ, ਰਿਸ਼ਤਿਆਂ ਦਾ ਨਿੱਘ ਅਤੇ ਮਨੁੱਖੀ ਸੰਵੇਦਨਾਵਾਂ ਸਦਾ ਲਈ ਅਲੋਪ ਹੋ ਰਹੀਆਂ ਹਨ। ਇਹ ਸਿਰਫ਼ ਕੁਝ ਸ਼ਬਦਾਂ ਦਾ ਤਾਣਾ-ਬਾਣਾ ਨਹੀਂ ਹੈ, ਬਲਕਿ ਇਹ ਉਸ ਸਮਾਜਿਕ ਕੋਹੜ ਦੀ ਜਿਉਂਦੀ-ਜਾਗਦੀ ਤਸਵੀਰ ਹੈ, ਜਿਸਦੇ ਕੋਲੋਂ ਅਸੀਂ ਰੋਜ਼ ਲੰਘਦੇ ਹਾਂ, ਪਰ ਅੱਖਾਂ ਮੀਟ ਕੇ। ਜੇਕਰ ਮੌਜੂਦਾ ਸਮਾਜਿਕ ਤਾਣੇ-ਬਾਣੇ ਦੀਆਂ ਪਰਤਾਂ ਫਰੋਲੀਆਂ ਜਾਣ, ਤਾਂ ਸਾਡੀ ਮਾਨਸਿਕਤਾ ਦੀ ਬੌਧਿਕ ਕੰਗਾਲੀ ਨੂੰ ਬਿਆਨ ਕਰਦੀਆਂ ਕੁਝ ਅਜਿਹੀਆਂ ਦਿਲ-ਕੰਬਾਊ ਉਦਾਹਰਣਾਂ ਸਾਹਮਣੇ ਆਉਂਦੀਆਂ ਹਨ, ਜੋ ਇਨਸਾਨੀਅਤ 'ਤੇ ਇੱਕ ਬਦਨੁਮਾ ਦਾਗ਼ ਹਨ:

ਡਿਜੀਟਲ ਦੁਨੀਆਂ ਦਾ ਮਾਇਆਜਾਲ ਅਤੇ ਅਸਲੀਅਤ ਦਾ ਸੋਗਮਈ ਪਾੜਾ: ਅਸੀਂ ਦਿਖਾਵੇ ਦੇ ਉਸ ਯੁੱਗ ਵਿੱਚ ਜੀਅ ਰਹੇ ਹਾਂ ਜਿੱਥੇ ਪਿਆਰ ਸਿਰਫ਼ ਸਕਰੀਨਾਂ 'ਤੇ ਝਲਕਦਾ ਹੈ। 'ਮਦਰਸ ਡੇ' ਜਾਂ 'ਫਾਦਰਸ ਡੇ' ਵਾਲੇ ਦਿਨ ਸੋਸ਼ਲ ਮੀਡੀਆ 'ਤੇ ਭਾਵੁਕਤਾ ਦਾ ਹੜ੍ਹ ਆ ਜਾਂਦਾ ਹੈ। ਇੱਕ ਨੌਜਵਾਨ ਫੇਸਬੁੱਕ 'ਤੇ ਆਪਣੀ ਮਾਂ ਦੀ ਪੁਰਾਣੀ ਤਸਵੀਰ ਪਾ ਕੇ ਲਿਖਦਾ ਹੈ, "ਮੇਰੀ ਮਾਂ, ਮੇਰਾ ਰੱਬ ਹੈ," ਅਤੇ ਹੇਠਾਂ ਸੈਂਕੜੇ ਲੋਕ ਉਸਦੀ ਸੋਚ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਦੇ ਹਨ। ਪਰ ਅਸਲ ਜ਼ਿੰਦਗੀ ਦੀ ਤਸਵੀਰ ਕਿੰਨੀ ਭਿਆਨਕ ਹੈ! ਉਹੀ 'ਰੱਬ' ਵਰਗੀ ਮਾਂ ਕਿਸੇ ਬਿਰਧ ਆਸ਼ਰਮ ਦੇ ਇੱਕ ਸਿੱਲ੍ਹੇ ਜਿਹੇ ਕਮਰੇ ਵਿੱਚ ਬੈਠੀ, ਆਪਣੇ ਪੁਰਾਣੇ ਫ਼ੋਨ ਦੀ ਖਾਲੀ ਸਕਰੀਨ ਵੱਲ ਟਿਕਟਿਕੀ ਲਾਈ ਵੇਖਦੀ ਰਹਿੰਦੀ ਹੈ ਕਿ ਸ਼ਾਇਦ ਅੱਜ ਮੇਰਾ ਪੁੱਤ ਇੱਕ ਵਾਰ ਫ਼ੋਨ ਕਰਕੇ ਪੁੱਛ ਹੀ ਲਵੇ, "ਮਾਂ, ਤੂੰ ਰੋਟੀ ਖਾਧੀ ਕਿ ਨਹੀਂ?" ਸਾਡਾ ਪਿਆਰ, ਸਾਡਾ ਸਤਿਕਾਰ ਸਿਰਫ਼ ਇੰਟਰਨੈੱਟ ਦੇ ਸਟੇਟਸਾਂ ਤੱਕ ਸੁੰਗੜ ਕੇ ਰਹਿ ਗਿਆ ਹੈ।

'ਪ੍ਰਾਈਵੇਸੀ' ਦੇ ਜ਼ਹਿਰ ਨਾਲ ਰਿਸ਼ਤਿਆਂ ਦਾ ਕਤਲੇਆਮ: ਇੱਕ ਸਮਾਂ ਸੀ ਜਦੋਂ ਪਿੰਡਾਂ ਵਿੱਚ ਕੱਚੇ ਕੋਠੇ ਹੁੰਦੇ ਸਨ, ਪਰ ਦਿਲ ਇੰਨੇ ਵਿਸ਼ਾਲ ਸਨ ਕਿ ਪੂਰਾ ਲਾਣਾ ਇੱਕੋ ਵਿਹੜੇ ਵਿੱਚ ਹੱਸਦਾ-ਖੇਡਦਾ ਵਸਦਾ ਸੀ। ਅੱਜ ਪੱਥਰਾਂ ਦੇ ਮਹਿਲ ਵੱਡੇ ਹੋ ਗਏ ਹਨ, ਪਰ ਸੀਨੇ ਅੰਦਰ ਧੜਕਦੇ ਦਿਲ ਬਹੁਤ ਛੋਟੇ। ਇੱਕ ਬਹੁਤ ਹੀ ਆਮ ਪਰ ਦਰਦਨਾਕ ਮਿਸਾਲ ਦੇਖੋ, ਇੱਕ ਪੁੱਤਰ ਵਿਦੇਸ਼ ਜਾਂ ਕਿਸੇ ਵੱਡੇ ਸ਼ਹਿਰ ਵਿੱਚ ਜਾ ਕੇ ਆਲੀਸ਼ਾਨ ਕੋਠੀ ਉਸਾਰਦਾ ਹੈ। ਉਸ ਮਹਿਲ ਵਰਗੇ ਘਰ ਵਿੱਚ ਵਿਦੇਸ਼ੀ ਨਸਲ ਦੇ ਕੁੱਤੇ ਲਈ ਇੱਕ ਵੱਖਰਾ ਏਅਰ-ਕੰਡੀਸ਼ਨਡ ਕਮਰਾ ਹੁੰਦਾ ਹੈ, ਕਦੇ-ਕਦਾਈਂ ਆਉਣ ਵਾਲੇ ਓਪਰੇ ਮਹਿਮਾਨਾਂ ਲਈ ਸ਼ਾਨਦਾਰ 'ਗੈਸਟ ਰੂਮ' ਹੁੰਦਾ ਹੈ। ਪਰ ਜਦੋਂ ਪਿੰਡੋਂ ਬੁੱਢੇ ਮਾਪੇ ਕੁਝ ਦਿਨਾਂ ਲਈ ਰਹਿਣ ਆਉਂਦੇ ਹਨ, ਤਾਂ ਕੁਝ ਹੀ ਦਿਨਾਂ ਵਿੱਚ ਨਵੀਂ ਪੀੜ੍ਹੀ ਨੂੰ ਆਪਣੀ 'ਪ੍ਰਾਈਵੇਸੀ' (ਨਿੱਜਤਾ) ਖ਼ਤਰੇ ਵਿੱਚ ਜਾਪਦੀ ਹੈ। "ਸਾਡੇ ਵਿਚਾਰ ਨਹੀਂ ਮਿਲਦੇ" ਜਾਂ "ਇਹ ਪੇਂਡੂ ਨੇ, ਸਾਡਾ ਰਹਿਣ-ਸਹਿਣ ਵੱਖਰਾ ਹੈ" ਵਰਗੇ ਬਹਾਨੇ ਘੜੇ ਜਾਂਦੇ ਹਨ। ਕਿੰਨੀ ਵੱਡੀ ਤ੍ਰਾਸਦੀ ਹੈ ਕਿ ਜਿਨ੍ਹਾਂ ਮਾਪਿਆਂ ਨੇ ਆਪਣੇ ਸੁਪਨੇ, ਆਪਣੀ ਉਮਰ ਭਰ ਦੀ ਕਮਾਈ ਅਤੇ ਪਿੰਡ ਦੀ ਜ਼ਮੀਨ ਵੇਚ ਕੇ ਉਸ ਕੋਠੀ ਦੀਆਂ ਨੀਹਾਂ ਭਰੀਆਂ ਸਨ, ਉਸੇ ਕੋਠੀ ਵਿੱਚ ਉਨ੍ਹਾਂ ਦੇ ਮੰਜੇ ਡਾਹੁਣ ਲਈ ਕੋਈ ਨੁੱਕਰ ਨਹੀਂ ਬਚਦੀ।

ਰਿਸ਼ਤਿਆਂ ਦਾ ਵਪਾਰੀਕਰਨ: ਮਤਲਬ-ਪ੍ਰਸਤੀ ਅਤੇ ਜਾਇਦਾਦ ਦਾ ਗਿਰਝ-ਨਕਸ਼ਾ: ਅੱਜ ਦੇ ਮਨੁੱਖੀ ਰਿਸ਼ਤੇ ਸ਼ੇਅਰ ਬਾਜ਼ਾਰ ਦੇ ਭਾਅ ਵਾਂਗ ਹੋ ਗਏ ਹਨ। ਜਦੋਂ ਤੱਕ ਬੱਚੇ ਛੋਟੇ ਹੁੰਦੇ ਹਨ, ਨੌਕਰੀਪੇਸ਼ਾ ਜੋੜਿਆਂ ਨੂੰ ਬਜ਼ੁਰਗ ਮਾਪੇ ਬਹੁਤ ਚੰਗੇ ਲੱਗਦੇ ਹਨ, ਕਿਉਂਕਿ ਉਹ 'ਮੁਫ਼ਤ ਦੇ ਕੇਅਰ-ਟੇਕਰ' ਬਣ ਕੇ ਬੱਚਿਆਂ ਨੂੰ ਸਾਂਭਦੇ ਹਨ। ਮਾਪੇ ਵੀ ਆਪਣੀ ਔਲਾਦ ਦੀ ਔਲਾਦ ਨੂੰ ਖਿਡਾ ਕੇ ਆਪਣੀ ਜ਼ਿੰਦਗੀ ਨੂੰ ਸਫ਼ਲ ਮੰਨਦੇ ਹਨ। ਪਰ ਜਿਵੇਂ ਹੀ ਬੱਚੇ ਵੱਡੇ ਹੁੰਦੇ ਹਨ, ਜਾਂ ਜਦੋਂ ਬਜ਼ੁਰਗ ਆਪਣੀ ਸਾਰੀ ਜਾਇਦਾਦ ਅਤੇ ਬੈਂਕ ਖਾਤੇ ਬੱਚਿਆਂ ਦੇ ਨਾਂ ਕਰ ਦਿੰਦੇ ਹਨ, ਤਾਂ ਸਮੀਕਰਨ ਬਦਲ ਜਾਂਦੇ ਹਨ। ਅਚਾਨਕ ਬਜ਼ੁਰਗਾਂ ਦਾ ਖੰਘਣਾ ਅੱਖਾਂ ਵਿੱਚ ਰੜਕਣ ਲੱਗਦਾ ਹੈ। ਉਨ੍ਹਾਂ ਦਾ ਵਾਰ-ਵਾਰ ਕੋਈ ਗੱਲ ਪੁੱਛਣਾ, ਜਾਂ ਉਨ੍ਹਾਂ ਦੀਆਂ ਪੁਰਾਣੀਆਂ ਆਦਤਾਂ ਬੋਝ ਜਾਪਣ ਲੱਗਦੀਆਂ ਹਨ। ਇਸ ਵਪਾਰਕ ਸੋਚ ਦਾ ਅੰਤ ਇਹ ਹੁੰਦਾ ਹੈ ਕਿ ਉਨ੍ਹਾਂ ਦੇ ਕੱਪੜਿਆਂ ਦਾ ਝੋਲਾ ਬੰਨ੍ਹ ਕੇ ਉਨ੍ਹਾਂ ਨੂੰ ਬਿਰਧ ਆਸ਼ਰਮ ਦੇ ਬੂਹੇ 'ਤੇ ਛੱਡ ਆਉਂਦਾ ਜਾਂਦਾ ਹੈ, ਜਿਵੇਂ ਕੋਈ ਪੁਰਾਣਾ ਫਰਨੀਚਰ ਘਰੋਂ ਕੱਢਿਆ ਹੋਵੇ।

ਧੀਆਂ ਦੀ ਮਜਬੂਰੀ ਅਤੇ ਸਮਾਜ ਦੇ ਜ਼ਹਿਰੀਲੇ ਤਾਹਨੇ: ਇੱਕ ਪਾਸੇ ਪੁੱਤਰ ਆਪਣੇ ਫ਼ਰਜ਼ਾਂ ਤੋਂ ਭੱਜ ਰਹੇ ਹਨ, ਦੂਜੇ ਪਾਸੇ ਅੱਜ ਦੀਆਂ ਧੀਆਂ ਆਪਣੇ ਮਾਪਿਆਂ ਦਾ ਸਹਾਰਾ ਬਣਨ ਲਈ ਤੜਪਦੀਆਂ ਹਨ। ਪਰ ਇੱਥੇ ਸਾਡਾ ਮਰਦ-ਪ੍ਰਧਾਨ ਦੋਗਲਾ ਸਮਾਜ ਇੱਕ ਵੱਡੀ ਕੰਧ ਬਣ ਕੇ ਖੜ੍ਹ ਜਾਂਦਾ ਹੈ। ਜੇਕਰ ਕੋਈ ਲਾਚਾਰ ਅਤੇ ਬਜ਼ੁਰਗ ਪਿਤਾ ਆਪਣੀ ਧੀ ਦੇ ਘਰ ਰਹਿਣ ਲਈ ਚਲਾ ਜਾਵੇ, ਤਾਂ ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਦੀਆਂ ਜੀਭਾਂ ਜ਼ਹਿਰ ਉਗਲਣ ਲੱਗਦੀਆਂ ਹਨ "ਲੋਕੋ ਦੇਖੋ, ਧੀ ਦੇ ਟੁਕੜਿਆਂ 'ਤੇ ਪਲ ਰਿਹਾ ਹੈ।" ਇਹ ਝੂਠੀ ਅਣਖ ਅਤੇ ਬੇਲੋੜੀ ਸ਼ਰਮ ਉਸ ਬਜ਼ੁਰਗ ਦੀ ਆਤਮਾ ਨੂੰ ਛਲਣੀ ਕਰ ਦਿੰਦੀ ਹੈ। ਆਪਣੀ ਧੀ ਦਾ ਘਰ ਉੱਜੜਨ ਦੇ ਡਰੋਂ ਅਤੇ ਸਹੁਰੇ ਪਰਿਵਾਰ ਦੇ ਤਾਹਨਿਆਂ ਤੋਂ ਬਚਣ ਲਈ, ਉਹ ਪਿਤਾ ਧੀ ਦੇ ਘਰ ਦੇ ਨਿੱਘ ਨੂੰ ਛੱਡ ਕੇ ਬਿਰਧ ਆਸ਼ਰਮ ਦੇ ਸੁੰਨੇ ਹਨ੍ਹੇਰੇ ਕਮਰਿਆਂ ਨੂੰ ਗਲੇ ਲਗਾ ਲੈਂਦਾ ਹੈ। ਕਾਸ਼! ਇਹ ਸਮਾਜ ਧੀ ਦੇ ਘਰ ਬੈਠੇ ਮਾਪਿਆਂ ਨੂੰ ਵੀ ਓਨਾ ਹੀ ਸਤਿਕਾਰ ਦੇਵੇ, ਜਿੰਨਾ ਪੁੱਤ ਦੇ ਘਰ ਬੈਠਿਆਂ ਨੂੰ ਮਿਲਦਾ ਹੈ।

ਬਿਰਧ ਆਸ਼ਰਮਾਂ ਦਾ ਖ਼ਾਮੋਸ਼ ਅਤੇ ਕਾਲਾ ਦਰਦ: ਸਮਾਜ ਨੂੰ ਬਿਰਧ ਆਸ਼ਰਮ ਬਾਹਰੋਂ ਬੜੇ ਆਕਰਸ਼ਕ, ਸਾਫ਼-ਸੁਥਰੇ ਅਤੇ ਸਹੂਲਤਾਂ ਵਾਲੇ ਜਾਪਦੇ ਹਨ, ਪਰ ਇਹ ਮਹਿਲ ਅੰਦਰੋਂ ਮੁਰਦਾਘਰਾਂ ਵਰਗੇ ਹਨ। ਤਿਉਹਾਰਾਂ ਵਾਲੇ ਦਿਨ, ਜਦੋਂ ਪੂਰੀ ਦੁਨੀਆਂ ਦੀਵਾਲੀ ਦੇ ਦੀਵੇ ਬਾਲਦੀ ਹੈ ਜਾਂ ਲੋਹੜੀ ਦੇ ਗੀਤ ਗਾਉਂਦੀ ਹੈ। ਉਦੋਂ ਬਿਰਧ ਆਸ਼ਰਮਾਂ ਦੀ ਤਸਵੀਰ ਰੂਹ ਨੂੰ ਕੰਬਾ ਦੇਣ ਵਾਲੀ ਹੁੰਦੀ ਹੈ। ਕੋਈ ਸਮਾਜ ਸੇਵੀ ਸੰਸਥਾ ਉਨ੍ਹਾਂ ਬਜ਼ੁਰਗਾਂ ਨੂੰ ਕੰਬਲ ਜਾਂ ਫਲ ਵੰਡਣ ਆਉਂਦੀ ਹੈ। ਕੈਮਰਿਆਂ ਦੀਆਂ ਫਲੈਸ਼ਾਂ ਚਮਕਦੀਆਂ ਹਨ। ਪਰ ਉਸ ਵਕਤ ਵੀ ਹਰ ਬਜ਼ੁਰਗ ਦੀਆਂ ਅੱਖਾਂ ਆਸ਼ਰਮ ਦੇ ਮੁੱਖ ਗੇਟ ਵੱਲ ਵਿਛੀਆਂ ਹੁੰਦੀਆਂ ਹਨ ਕਿ ਸ਼ਾਇਦ ਇਸ ਭੀੜ ਵਿੱਚੋਂ ਮੇਰਾ ਆਪਣਾ ਖ਼ੂਨ ਮੈਨੂੰ ਘਰ ਲਿਜਾਣ ਲਈ ਆ ਜਾਵੇ। ਜਦੋਂ ਫੋਟੋਆਂ ਖਿਚਵਾ ਕੇ ਉਹ ਓਪਰੀ ਭੀੜ ਵਾਪਸ ਮੁੜ ਜਾਂਦੀ ਹੈ, ਤਾਂ ਉਨ੍ਹਾਂ ਦੀਆਂ ਆਸਾਂ ਦਾ ਮਹਿਲ ਇੱਕ ਵਾਰ ਫਿਰ ਮਿੱਟੀ ਵਿੱਚ ਮਿਲ ਜਾਂਦਾ ਹੈ। ਇਹ ਮਾਨਸਿਕ ਸੰਤਾਪ ਉਨ੍ਹਾਂ ਨੂੰ ਸਰੀਰਕ ਬਿਮਾਰੀਆਂ ਨਾਲੋਂ ਕਿਤੇ ਵੱਧ ਤੇਜ਼ੀ ਨਾਲ ਮੌਤ ਦੇ ਮੂੰਹ ਵੱਲ ਧੱਕਦਾ ਹੈ।

ਮੌਤ ਤੋਂ ਬਾਅਦ ਦਾ ਭਿਆਨਕ ਪਾਖੰਡ: ਸਾਡੀ ਮਰੀ ਹੋਈ ਜ਼ਮੀਰ ਦਾ ਸਭ ਤੋਂ ਵੱਡਾ ਸਬੂਤ ਉਦੋਂ ਮਿਲਦਾ ਹੈ ਜਦੋਂ ਆਸ਼ਰਮ ਦੇ ਕਿਸੇ ਹਨ੍ਹੇਰੇ ਕਮਰੇ ਵਿੱਚ ਸਿਸਕ-ਸਿਸਕ ਕੇ ਪ੍ਰਾਣ ਤਿਆਗਣ ਵਾਲੇ ਮਾਪਿਆਂ ਦੇ ਭੋਗ 'ਤੇ ਉਹੀ ਔਲਾਦ ਅਖ਼ਬਾਰਾਂ ਵਿੱਚ ਪੂਰੇ ਸਫ਼ੇ ਦੇ ਸ਼ਰਧਾਂਜਲੀ ਇਸ਼ਤਿਹਾਰ ਛਪਵਾਉਂਦੀ ਹੈ। ਪਿੰਡਾਂ/ਸ਼ਹਿਰਾਂ ਵਿੱਚ ਟੈਂਟ ਲਗਾ ਕੇ ਹਜ਼ਾਰਾਂ ਲੋਕਾਂ ਲਈ ਤਰ੍ਹਾਂ-ਤਰ੍ਹਾਂ ਦੇ ਪਕਵਾਨਾਂ ਦਾ ਲੰਗਰ ਲਗਾਇਆ ਜਾਂਦਾ ਹੈ। ਕੀ ਇਹ ਦਿਖਾਵਾ, ਇਹ ਝੂਠੀ ਸ਼ਾਨ, ਉਸ ਮਾਂ ਦੀ ਭੁੱਖ ਨੂੰ ਸ਼ਾਂਤ ਕਰ ਸਕਦੀ ਹੈ ਜਿਸਨੇ ਆਸ਼ਰਮ ਵਿੱਚ ਰੋਟੀਆਂ ਦੀ ਥਾਂ ਸਿਰਫ਼ ਹੰਝੂ ਖਾਧੇ ਸਨ? ਮਰਿਆਂ ਨੂੰ ਪੂਜਣਾ ਅਤੇ ਜਿਉਂਦਿਆਂ ਨੂੰ ਰੋਲਣਾ, ਇਹੋ ਸਾਡੇ ਸਮਾਜ ਦੀ ਅਸਲ ਤਸਵੀਰ ਹੈ।

ਆਤਮ-ਮੰਥਨ ਦਾ ਸੁਨੇਹਾ: ਇਹ ਦੁਖਾਂਤ ਹੁਣ ਕਿਸੇ ਇੱਕ ਘਰ ਜਾਂ ਪਰਿਵਾਰ ਦੀ ਕਹਾਣੀ ਨਹੀਂ ਰਿਹਾ, ਇਹ ਪੂਰੇ ਸਮਾਜ ਦੇ ਪਿੰਡੇ 'ਤੇ ਲੱਗਿਆ ਇੱਕ ਅਜਿਹਾ ਨਾਸੂਰ ਬਣ ਚੁੱਕਾ ਹੈ ਜੋ ਰੋਜ਼ ਰਿਸਦਾ ਹੈ। ਨੌਜਵਾਨ ਪੀੜ੍ਹੀ ਨੂੰ ਇਹ ਗੱਲ ਆਪਣੇ ਮਨਾਂ ਵਿੱਚ ਉੱਕਰ ਲੈਣੀ ਚਾਹੀਦੀ ਹੈ ਕਿ ਮਾਪੇ ਕੋਈ ਪੁਰਾਣਾ, ਟੁੱਟਿਆ ਹੋਇਆ ਫਰਨੀਚਰ ਨਹੀਂ ਹੁੰਦੇ ਜਿਸਨੂੰ ਸਮਾਂ ਪੈਣ 'ਤੇ ਘਰੋਂ ਬਾਹਰ ਸੁੱਟ ਦਿੱਤਾ ਜਾਵੇ। ਜੇਕਰ ਬੁਢਾਪੇ ਕਾਰਨ ਉਨ੍ਹਾਂ ਦੇ ਸੁਭਾਅ ਵਿੱਚ ਕੋਈ ਚਿੜਚਿੜਾਪਣ ਆ ਵੀ ਜਾਂਦਾ ਹੈ, ਤਾਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਵੀ ਸਾਡੇ ਬਚਪਨ ਦੀਆਂ ਹਜ਼ਾਰਾਂ ਗਲਤੀਆਂ, ਸਾਡੀਆਂ ਜ਼ਿੱਦਾਂ ਅਤੇ ਸਾਡੇ ਨਖ਼ਰਿਆਂ ਨੂੰ ਹੱਸ ਕੇ ਸਹਿਣ ਕੀਤਾ ਸੀ। ਸਾਨੂੰ ਉਨ੍ਹਾਂ ਦੇ ਬੁਢਾਪੇ ਨੂੰ ਸਹਿਣ ਨਹੀਂ, ਸਗੋਂ ਸਵੀਕਾਰ ਕਰਨਾ ਪਵੇਗਾ।

ਦੂਜੇ ਪਾਸੇ, ਬਜ਼ੁਰਗਾਂ ਨੂੰ ਵੀ ਬਦਲਦੇ ਸਮੇਂ ਦੀ ਨਬਜ਼ ਪਛਾਣਨੀ ਪਵੇਗੀ। ਨਵੀਂ ਪੀੜ੍ਹੀ ਦੀਆਂ ਆਪਣੀਆਂ ਮਜਬੂਰੀਆਂ ਅਤੇ ਜੀਵਨ-ਸ਼ੈਲੀ ਹੈ। ਜੇਕਰ ਬਜ਼ੁਰਗ ਹਰ ਨਿੱਕੀ-ਨਿੱਕੀ ਗੱਲ 'ਤੇ ਬੇਲੋੜੀ ਰੋਕ-ਟੋਕ ਤੋਂ ਗੁਰੇਜ਼ ਕਰਨ, ਤਾਂ ਘਰਾਂ ਦਾ ਮਾਹੌਲ ਬਹੁਤ ਹੱਦ ਤੱਕ ਸੁਖਾਵਾਂ ਬਣਿਆ ਰਹਿ ਸਕਦਾ ਹੈ। ਅੱਜ ਹੀ ਆਪਣੀ ਅੰਤਰ-ਆਤਮਾ ਨਾਲ ਇਹ ਪ੍ਰਣ ਕਰੀਏ ਕਿ ਅਸੀਂ ਆਪਣੀ ਤਰੱਕੀ ਦੀਆਂ ਉੱਚੀਆਂ ਇਮਾਰਤਾਂ ਆਪਣੇ ਮਾਪਿਆਂ ਦੀਆਂ ਲਾਸ਼ਾਂ ਜਾਂ ਉਨ੍ਹਾਂ ਦੇ ਡੁੱਲ੍ਹੇ ਹੋਏ ਹੰਝੂਆਂ ਦੀਆਂ ਨੀਹਾਂ 'ਤੇ ਨਹੀਂ ਉਸਾਰਾਂਗੇ। ਜਿਨ੍ਹਾਂ ਵੀ ਬਦਨਸੀਬ ਬੱਚਿਆਂ ਨੇ ਆਪਣੇ ਜਿਉਂਦੇ ਰੱਬ ਨੂੰ ਬਿਰਧ ਆਸ਼ਰਮਾਂ ਵਿੱਚ ਛੱਡਿਆ ਹੋਇਆ ਹੈ, ਉਹ ਅੱਜ ਹੀ ਜਾਣ ਅਤੇ ਆਪਣੇ ਮਾਪਿਆਂ ਨੂੰ ਵਾਪਸ ਘਰ ਲੈ ਕੇ ਆਉਣ। ਕਿਉਂਕਿ ਘਰ ਸਿਰਫ਼ ਇੱਟਾਂ, ਪੱਥਰਾਂ ਅਤੇ ਮਹਿੰਗੇ ਰੰਗ-ਰੋਗਨ ਨਾਲ ਨਹੀਂ ਬਣਦੇ, ਘਰ ਤਾਂ ਬਜ਼ੁਰਗਾਂ ਦੀਆਂ ਅਸੀਸਾਂ ਅਤੇ ਬੱਚਿਆਂ ਦੀਆਂ ਕਿਲਕਾਰੀਆਂ ਦੀ ਸਾਂਝ ਨਾਲ ਬਣਦੇ ਹਨ।

ਯਾਦ ਰੱਖਿਓ! ਕੁਦਰਤ ਦਾ ਇਨਸਾਫ਼ ਅਟੱਲ ਹੈ ਅਤੇ ਸਮੇਂ ਦਾ ਚੱਕਰ ਨਿਰੰਤਰ ਘੁੰਮ ਰਿਹਾ ਹੈ। ਜੋ ਬੀਜ ਅੱਜ ਅਸੀਂ ਆਪਣੀ ਔਲਾਦ ਦੇ ਸਾਹਮਣੇ ਬੀਜ ਰਹੇ ਹਾਂ, ਕੱਲ੍ਹ ਨੂੰ ਉਸਦੀ ਫ਼ਸਲ ਸਾਨੂੰ ਹੀ ਵੱਢਣੀ ਪਵੇਗੀ। ਜੇਕਰ ਅੱਜ ਅਸੀਂ ਇਸ ਮੋਹ-ਨਿੰਦਰਾ ਵਿੱਚੋਂ ਨਾ ਜਾਗੇ, ਤਾਂ ਕੱਲ੍ਹ ਨੂੰ ਹਰ ਗਲੀ, ਹਰ ਸ਼ਹਿਰ ਦੇ ਮੋੜ 'ਤੇ ਇੱਕ ਬਿਰਧ ਆਸ਼ਰਮ ਖੜ੍ਹਾ ਹੋਵੇਗਾ... ਅਤੇ ਉਸ ਆਸ਼ਰਮ ਦੀ ਕਿਸੇ ਹਨ੍ਹੇਰੀ ਨੁੱਕਰ ਵਿੱਚ ਸਾਡਾ ਆਪਣਾ ਹੀ ਬੁਢਾਪਾ ਸਿਸਕੀਆਂ ਲੈ ਰਿਹਾ ਹੋਵੇਗਾ।



**ਪ੍ਰੋ. ਪਵਨ ਖਿੱਚੀ,**
ਮਾਨਸਾ
ਮੋਬਾ. 9478160786

# ਰਿਪੋਰਟ ਕਾਰਡ, ਬੱਚੇ ਦੀ ਸ਼ਖ਼ਸੀਅਤ ਦਾ ਸ਼ੀਸ਼ਾ

ਸਾਲਾਨਾ ਪ੍ਰੀਖਿਆਵਾਂ ਦੇ ਨਤੀਜਿਆਂ ਦਾ ਸਮਾਂ ਕਿਸੇ ਤਿਉਹਾਰ ਤੋਂ ਘੱਟ ਨਹੀਂ ਹੁੰਦਾ। ਸਕੂਲਾਂ ਵਿੱਚ ਰੌਣਕਾਂ ਹਨ, ਅਧਿਆਪਕ ਨਤੀਜੇ ਤਿਆਰ ਕਰ ਰਹੇ ਹਨ ਅਤੇ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਦੀਆਂ ਉਮੀਦਾਂ ਲੈ ਕੇ ਸਕੂਲਾਂ ਵੱਲ ਵਧ ਰਹੇ ਹਨ। ਜਦੋਂ ਬੱਚੇ ਦੇ ਹੱਥ ਵਿੱਚ 'ਰਿਪੋਰਟ ਕਾਰਡ' ਆਉਂਦਾ ਹੈ, ਤਾਂ ਉਹ ਸਿਰਫ਼ ਇੱਕ ਕਾਗਜ਼ ਦਾ ਟੁਕੜਾ ਨਹੀਂ ਹੁੰਦਾ, ਸਗੋਂ ਉਸ ਦੀ ਸਾਲ ਭਰ ਦੀ ਮਿਹਨਤ, ਉਸ ਦੇ ਸੁਪਨਿਆਂ ਅਤੇ ਉਸ ਦੀ ਸ਼ਖ਼ਸੀਅਤ ਦਾ ਲੇਖਾ-ਜੋਖਾ ਹੁੰਦਾ ਹੈ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਸਾਡੇ ਸਮਾਜ ਵਿੱਚ ਰਿਪੋਰਟ ਕਾਰਡ ਨੂੰ ਸਿਰਫ਼ ਅੰਕਾਂ ਜਾਂ ਗ੍ਰੇਡਾਂ ਦੀ ਇੱਕ ਸੂਚੀ ਵਜੋਂ ਹੀ ਦੇਖਿਆ ਜਾਂਦਾ ਹੈ। ਜੇਕਰ ਨੰਬਰ 90 ਫੀਸਦੀ ਹਨ ਤਾਂ ਬੱਚਾ 'ਹੁਸ਼ਿਆਰ' ਹੈ, ਜੇਕਰ 50 ਫੀਸਦੀ ਹਨ ਤਾਂ ਉਹ 'ਨਾਲਾਇਕ' ਮੰਨ ਲਿਆ ਜਾਂਦਾ ਹੈ। ਕੀ ਬੱਚੇ ਦੀ ਕਾਬਲੀਅਤ ਨੂੰ ਸਿਰਫ਼ ਇਨ੍ਹਾਂ ਕੁਝ ਅੰਕਾਂ ਨਾਲ ਮਾਪਿਆ ਜਾ ਸਕਦਾ ਹੈ? ਬਿਲਕੁਲ ਨਹੀਂ। ਮੇਰਾ ਨਿੱਜੀ ਤਜ਼ਰਬਾ ਰਿਹਾ ਹੈ ਕਿ ਹਰ ਬੱਚਾ ਪੜ੍ਹਾਈ ਵਿੱਚ ਇੱਕੋ ਜਿਹਾ ਨਹੀਂ ਹੋ ਸਕਦਾ ਅਤੇ ਇਹ ਕੁਦਰਤੀ ਵੀ ਹੈ। ਰੱਬ ਨੇ ਹਰ ਇਨਸਾਨ ਨੂੰ ਵੱਖਰਾ ਬਣਾਇਆ ਹੈ। ਜਿਵੇਂ ਬਾਗ ਵਿੱਚ ਹਰ ਫੁੱਲ ਦੀ ਮਹਿਕ ਤੇ ਰੰਗ ਵੱਖਰਾ ਹੁੰਦਾ ਹੈ, ਉਵੇਂ ਹੀ ਹਰ ਬੱਚੇ ਦਾ ਹੁਨਰ ਵੀ ਵੱਖਰਾ ਹੁੰਦਾ ਹੈ। ਕਈ ਵਾਰ ਅਸੀਂ ਦੇਖਦੇ ਹਾਂ ਕਿ ਜਿਹੜੇ ਬੱਚੇ ਜਮਾਤ ਵਿੱਚ ਗਣਿਤ ਜਾਂ ਵਿਗਿਆਨ ਦੇ ਸਵਾਲ ਹੱਲ ਕਰਨ ਵਿੱਚ ਥੋੜਾ ਸਮਾਂ ਲੈਂਦੇ ਹਨ, ਉਹ ਖੇਡਾਂ ਦੇ ਮੈਦਾਨ ਵਿੱਚ ਕਮਾਲ ਕਰ ਦਿੰਦੇ ਹਨ। ਉਨ੍ਹਾਂ ਦੀ ਫੁਰਤੀ, ਉਨ੍ਹਾਂ ਦਾ ਦਮ-ਖ਼ਮ ਅਤੇ ਉਨ੍ਹਾਂ ਦੀ ਖੇਡ ਭਾਵਨਾ ਦੇਖ ਕੇ ਵੱਡੇ-ਵੱਡੇ ਦੰਦਾਂ ਹੇਠ ਉਂਗਲਾਂ ਦਬਾ ਲੈਂਦੇ ਹਨ। ਕੀ ਅਜਿਹੇ ਬੱਚੇ ਦੀ ਖੇਡ ਪ੍ਰਾਪਤੀ ਨੂੰ ਰਿਪੋਰਟ ਕਾਰਡ ਵਿੱਚ ਉਹ ਥਾਂ ਮਿਲਦੀ ਹੈ, ਜਿਸ ਦਾ ਉਹ ਹੱਕਦਾਰ ਹੈ?



ਇੱਕ ਹੋਰ ਅਹਿਮ ਗੱਲ ਇਹ ਹੈ ਕਿ ਸਿਰਫ਼ ਪੜ੍ਹਾਈ ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਵਿੱਚ ਹੀ ਹਮੇਸ਼ਾ ਅਗਵਾਈ ਜਾਂ ਲੀਡਰਸ਼ਿਪ ਦਾ ਗੁਣ ਹੋਵੇ, ਇਹ ਜ਼ਰੂਰੀ ਨਹੀਂ। ਕਈ ਵਾਰ ਜਮਾਤ ਦਾ ਇੱਕ ਅਖੌਤੀ 'ਔਸਤ' ਬੱਚਾ ਪੂਰੀ ਜਮਾਤ ਨੂੰ ਇੱਕ ਮੁੱਠੀ ਵਿੱਚ ਪਰੋ ਕੇ ਚੱਲਣ ਦੀ ਕਾਬਲੀਅਤ ਰੱਖਦਾ ਹੈ। ਉਹ ਦੂਜਿਆਂ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ, ਕਿਸੇ ਮੁਸੀਬਤ ਵੇਲੇ ਸਭ ਤੋਂ ਪਹਿਲਾਂ ਅੱਗੇ ਆਉਂਦਾ ਹੈ ਅਤੇ ਉਸ ਵਿੱਚ ਫੈਸਲੇ ਲੈਣ ਦੀ ਗਜ਼ਬ ਦੀ ਸ਼ਕਤੀ ਹੁੰਦੀ ਹੈ। ਇਹ 'ਸਮਾਜਿਕ ਗੁਣ' ਹੀ ਤਾਂ ਅਸਲ ਜ਼ਿੰਦਗੀ ਵਿੱਚ ਕਾਮਯਾਬੀ ਦੀ ਕੁੰਜੀ ਹਨ। ਜਦੋਂ ਇੱਕ ਰਿਪੋਰਟ ਕਾਰਡ ਅੰਕਾਂ ਦੀਆਂ ਸੀਮਾਵਾਂ ਨੂੰ ਤੋੜ ਕੇ ਬੱਚੇ ਦੇ ਅਜਿਹੇ 'ਲੀਡਰਸ਼ਿਪ' ਗੁਣਾਂ ਦੀ ਗੱਲ ਕਰਦਾ ਹੈ, ਤਾਂ ਬੱਚੇ ਨੂੰ ਆਪਣੀ ਸਵੈ-ਪਛਾਣ ਕਰਨ ਵਿੱਚ ਮਦਦ ਮਿਲਦੀ ਹੈ।

ਸਾਡੇ ਸਕੂਲਾਂ ਵਿੱਚ ਕਈ ਬੱਚੇ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਦਾ ਲਗਾਅ ਕੁਦਰਤ ਨਾਲ ਬਹੁਤ ਗੂੜ੍ਹਾ ਹੁੰਦਾ ਹੈ। ਉਹ ਸਕੂਲ ਦੇ ਬਗੀਚੇ ਵਿੱਚ ਪੌਦਿਆਂ ਦੀ ਦੇਖਭਾਲ ਬੜੀ ਰੀਝ ਨਾਲ ਕਰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕਿਹੜੇ ਫੁੱਲ ਨੂੰ ਕਿੰਨਾ ਪਾਣੀ ਚਾਹੀਦਾ ਹੈ ਅਤੇ ਕਿਹੜੇ ਬੂਟੇ ਨੂੰ ਧੁੱਪ ਦੀ ਲੋੜ ਹੈ। ਇਹ ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਦਾ ਅਹਿਸਾਸ ਵੀ ਤਾਂ ਇੱਕ ਵੱਡੀ ਪ੍ਰਾਪਤੀ ਹੈ। ਜਦੋਂ ਰਿਪੋਰਟ ਕਾਰਡ ਵਿੱਚ ਬੱਚੇ ਦੀ ਇਸ ਸੇਵਾ ਭਾਵਨਾ ਅਤੇ ਸਮਾਜਿਕ ਕੰਮਾਂ ਵਿੱਚ ਉਸ ਦੀ ਸ਼ਮੂਲੀਅਤ ਦਾ ਜ਼ਿਕਰ ਹੁੰਦਾ ਹੈ, ਤਾਂ ਉਹ ਬੱਚਾ ਹੋਰ ਵੀ ਉਤਸ਼ਾਹ ਨਾਲ ਅੱਗੇ ਵਧਦਾ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦਾ ਹੁਨਰ ਅਣਗੌਲਿਆ ਨਹੀਂ ਗਿਆ।

ਅਸਲ ਵਿੱਚ, ਰਿਪੋਰਟ ਕਾਰਡ ਬੱਚੇ ਦੀ ਸ਼ਖ਼ਸੀਅਤ ਦਾ ਉਹ 'ਸ਼ੀਸ਼ਾ' ਹੋਣਾ ਚਾਹੀਦਾ ਹੈ ਜਿਸ ਵਿੱਚੋਂ ਉਸ ਨੂੰ ਆਪਣਾ ਅਸਲੀ ਅਕਸ ਨਜ਼ਰ ਆਵੇ। ਜਦੋਂ ਰਿਪੋਰਟ ਕਾਰਡ ਸਿਰਫ਼ ਨੰਬਰਾਂ ਤੱਕ ਸੀਮਿਤ ਰਹਿ ਜਾਂਦਾ ਹੈ, ਤਾਂ ਉਹ ਬੱਚੇ ਜੋ ਪੜ੍ਹਾਈ ਤੋਂ ਇਲ-ਾਵਾ ਹੋਰ ਗਤੀਵਿਧੀਆਂ ਵਿੱਚ ਮਾਹਰ ਹਨ, ਆਪਣੇ ਆਪ ਨੂੰ ਘੱਟ ਸਮਝਣ ਲੱਗ ਪੈਂਦੇ ਹਨ। ਉਨ੍ਹਾਂ ਦੇ ਮਨ ਵਿੱਚ ਇੱਕ ਹੀਣ ਭਾਵਨਾ ਘਰ ਕਰ ਜਾਂਦੀ ਹੈ। ਪਰ ਜੇਕਰ ਰਿਪੋਰਟ ਕਾਰਡ ਵਿੱਚ ਉਨ੍ਹਾਂ ਦੀ ਕਲਾ, ਸੰਗੀਤ, ਖੇਡਾਂ, ਅਨੁਸ਼ਾਸਨ ਅਤੇ ਵਿਵਹਾਰ ਨੂੰ ਵੀ ਬਰਾਬਰ ਦੀ ਅਹਿਮੀਅਤ ਦਿੱਤੀ ਜਾਵੇ, ਤਾਂ ਉਹ ਬੱਚੇ ਦੂਣੇ ਉਤਸ਼ਾਹ ਨਾਲ ਕੰਮ ਕਰਦੇ ਹਨ। ਉਹ ਸਮਝ ਜਾਂਦੇ ਹਨ ਕਿ ਹਰ ਇਨਸਾਨ ਦੀ ਆਪਣੀ ਇੱਕ ਕੀਮਤ ਹੁੰਦੀ ਹੈ।

ਇੱਥੇ ਮਾਪਿਆਂ ਦੀ ਭੂਮਿਕਾ ਵੀ ਬਹੁਤ ਅਹਿਮ ਹੋ ਜਾਂਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਰਿਪੋਰਟ ਕਾਰਡ ਨੂੰ ਸਿਰਫ਼ ਨੰਬਰਾਂ ਦੀ ਐਨਕ ਨਾਲ ਨਾ ਦੇਖਣ। ਜੇਕਰ ਬੱਚੇ ਦੇ ਨੰਬਰ ਥੋੜੇ ਘੱਟ ਵੀ ਹਨ, ਪਰ ਉਸ ਨੇ ਖੇਡਾਂ ਵਿੱਚ ਤ਼ਗਮਾ ਜਿੱਤਿਆ ਹੈ ਜਾਂ ਉਸ ਦਾ ਅਧਿਆਪਕ ਉਸ ਦੇ ਵਿਵਹਾਰ ਦੀ ਸ਼ਲਾਘਾ ਕਰਦਾ ਹੈ, ਤਾਂ ਇਹ ਵੱਡੀ ਜਿੱਤ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਅੱਜ ਦੀ ਦੌੜ-ਭੱਜ ਵਾਲੀ ਜ਼ਿੰਦਗੀ ਵਿੱਚ ਸਿਰਫ਼ ਕਿਤਾਬੀ ਗਿਆਨ ਕਾਫ਼ੀ ਨਹੀਂ ਹੈ। ਅਸਲ ਵਿੱਚ ਸਫਲ ਉਹੀ ਹੈ ਜਿਸ ਦੀ ਸ਼ਖ਼ਸੀਅਤ ਦਾ ਸਰਵਪੱਖੀ ਵਿਕਾਸ ਹੋਇਆ ਹੋਵੇ।

ਜਿਹੜੇ ਬੱਚੇ ਸਮਾਜਿਕ ਕੰਮਾਂ ਵਿੱਚ ਅੱਗੇ ਹਨ ਜਾਂ ਜਿਨ੍ਹਾਂ ਵਿੱਚ ਮਾਨਵੀ ਕਦਰਾਂ-ਕੀਮਤਾਂ ਕੁੱਟ-ਕੁੱਟ ਕੇ ਭਰੀਆਂ ਹੋਈਆਂ ਹਨ, ਉਹ ਕੱਲ੍ਹ ਨੂੰ ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਬਣਨਗੇ। ਰਿਪੋਰਟ ਕਾਰਡ ਦਾ ਮਕਸਦ ਬੱਚੇ ਨੂੰ ਡਰਾਉਣਾ ਨਹੀਂ, ਸਗੋਂ ਉਸ ਨੂੰ ਆਪਣੇ ਆਪ ਨਾਲ ਮਿਲਾਉਣਾ ਹੋਣਾ ਚਾਹੀਦਾ ਹੈ। ਜਦੋਂ ਬੱਚਾ ਆਪਣੀ ਰਿਪੋਰਟ ਵਿੱਚ ਆਪਣੇ ਵੱਖ-ਵੱਖ ਪੱਖਾਂ ਨੂੰ ਉੱਭਰਦਾ ਦੇਖਦਾ ਹੈ, ਤਾਂ ਉਹ ਸਵੈ-ਪਛਾਣ ਕਰਦਾ ਹੈ ਕਿ "ਮੈਂ ਕੀ ਹਾਂ ਅਤੇ ਮੈਂ ਕੀ ਕਰ ਸਕਦਾ ਹਾਂ।"

ਅੰਤ ਵਿੱਚ, ਇਹ ਕਹਿਣਾ ਬਿਲਕੁਲ ਸਹੀ ਹੋਵੇਗਾ ਕਿ ਰਿਪੋਰਟ ਕਾਰਡ ਬੱਚੇ ਦੇ ਭਵਿੱਖ ਦਾ ਰੋਡਮੈਪ ਹੈ। ਇਸ ਨੂੰ ਅਜਿਹਾ ਬਣਾਇਆ ਜਾਵੇ ਕਿ ਇਹ ਬੱਚੇ ਦੀ ਰੂਹ ਨੂੰ ਖ਼ੁਸ਼ੀ ਦੇਵੇ, ਨਾ ਕਿ ਉਸ 'ਤੇ ਮਾਨਸਿਕ ਬੋਝ ਪਾਵੇ। ਜਦੋਂ ਰਿਪੋਰਟ ਕਾਰਡ ਅੰਕਾਂ ਤੋਂ ਉੱਪਰ ਉੱਠ ਕੇ ਬੱਚੇ ਦੇ ਅੰਦਰਲੇ ਹੁਨਰ ਦੀ ਗੱਲ ਕਰੇਗਾ, ਤਾਂ ਸਾਡੇ ਸਕੂਲਾਂ ਵਿੱਚੋਂ ਸਿਰਫ਼ 'ਵਿਦਿਆਰਥੀ' ਹੀ ਨਹੀਂ, ਸਗੋਂ 'ਸੰਪੂਰਨ ਸ਼ਖ਼ਸੀਅਤਾਂ' ਬਾਹਰ ਆਉਣਗੀਆਂ। ਸਾਨੂੰ ਚਾਹੀਦਾ ਹੈ ਕਿ ਅਸੀਂ ਅੰਕਾਂ ਦੀ ਦੌੜ ਨੂੰ ਪਿੱਛੇ ਛੱਡ ਕੇ ਬੱਚੇ ਦੀ ਸ਼ਖ਼ਸੀਅਤ ਦੇ ਇਸ ਸੱਚੇ ਸ਼ੀਸ਼ੇ ਨੂੰ ਮਾਨਤਾ ਦੇਈਏ ਅਤੇ ਹਰ ਬੱਚੇ ਨੂੰ ਉਸ ਦੀ ਆਪਣੀ ਚਮਕ ਨਾਲ ਚਮਕਣ ਦਾ ਮੌਕਾ ਦੇਈਏ।



**ਜਤਿੰਦਰ ਭੁੱਚੋ**
**ਪਿੰਡ ਭੁੱਚੋ ਖੁਰਦ**
**(ਬਠਿੰਡਾ)**
**ਮੋਬਾਇਲ-**
**9501475400**






# "ਸਮੇਂ ਦਾ ਸਾਹਿਤ" — ਸਮਕਾਲੀ ਰਚਨਾਵਾਂ ਦੀ ਸੁਚੱਜੀ ਪੜਚੋਲ

ਡਾ. ਕੁਲਵਿੰਦਰ ਸਿੰਘ ਬਾਠ (ਕੈਲੇਫੋਰਨੀਆ) ਵਿਗਿਆਨ ਦੇ ਖੇਤਰ ਨਾਲ ਸੰਬੰਧਤ ਹੈ। ਪੇਸ਼ੇ ਦੇ ਤੌਰ 'ਤੇ ਉਹ ਮਾਈਕਰੋ ਵਿਗਿਆਨੀ ਹੈ, ਪਰ ਉਸਦਾ ਮਨ ਸਾਹਿਤ ਨਾਲ ਵੀ ਨਾਲ ਜੁੜਿਆ ਹੋਇਆ ਹੈ। ਸਮਾਂ ਪਾ ਕੇ ਉਸਦਾ ਇਹ ਸ਼ੌਕ ਜਨੂੰਨ ਬਣ ਗਿਆ। ਸਵੇਰ ਤੋਂ ਸ਼ਾਮ ਤੱਕ ਉਹ ਰੁੱਖਾ ਜਿਹਾ ਵਿਸ਼ਾ ਕਹਿਣ ਵਾਲੇ ਵਿਗਿਆਨ ਦੇ ਖੇਤਰ ਜੁੜਿਆ ਰਹਿੰਦਾ ਹੈ ਅਤੇ ਉਧਰੋ ਵਿਹਲਾ ਹੁੰਦੇ ਹੀ ਰੇਲ ਗੱਡੀ ਦੇ ਕਾਂਟਾ ਬਦਲਣ ਵਾਂਗ ਸਾਹਿਤਕ ਰੁਚੀਆਂ ਨਾਲ ਜੁੜ ਜਾਂਦਾ ਹੈ। ਉਸ ਦਾ ਸਾਹਿਤਕ ਸ਼ੌਕ ਕਈ ਵਾਰ ਤਾਂ ਕੁਲ ਵਕਤੀ ਸਾਹਿਤਕਾਰਾਂ ਨੂੰ ਵੀ ਮਾਤ ਪਾਉਂਦਾ ਹੈ। ਉਸ ਦੀ ਕਵਿਤਾ ਵਿੱਚ ਲੋਹੜੇ ਦੀ ਕਾਵਿਕਤਾ ਹੈ, ਵਾਰਤਕ ਵਿੱਚ ਕਹਾਣੀ ਰਸ ਡੁੱਲ-ਡੁੱਲ ਪੈਂਦਾ ਹੈ, ਕਹਾਣੀ ਵਿੱਚ ਕਾਵਿਕ ਰੰਗਣ ਦੀ ਸੁਗੰਧ ਹੁੰਦੀ ਹੈ ਅਤੇ ਜਦੋਂ ਉਹ ਅਲੋਚਨਾ ਦੇ ਖੇਤਰ ਵਿੱਚ ਕਦਮ ਰੱਖਦਾ ਹੈ ਤਾਂ ਜਿਵੇਂ ਉਸਦਾ ਤੀਜਾ ਨੇਤਰ ਖੁਲ੍ਹ ਜਾਂਦਾ ਹੈ। ਇਹ ਗੁਣ ਉਸ ਨੂੰ ਇੱਕ ਸੰਵੇਦਨਸ਼ੀਲ ਅਤੇ ਸੁਚੇਤ ਸਮੀਖਿਆਕਾਰ ਵਜੋਂ ਸਥਾਪਤ ਕਰਦੇ ਹਨ।

ਡਾ. ਬਾਠ ਦੀ ਸਮੀਖਿਆਤਮਕ ਪੁਸਤਕ "ਸਮੇਂ ਦਾ ਸਾਹਿਤ" ਅਸਲ ਵਿੱਚ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਉੱਤੇ ਕੀਤੀਆਂ ਗਈਆਂ ਪੜਚੋਲਾਂ ਦਾ ਸੰਕਲਨ ਹੈ। ਇਸ ਪੁਸਤਕ ਵਿੱਚ ਛੱਬੀ ਰਚਨਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਕਵਿਤਾ, ਨਾਵਲ, ਯਾਤਰਾ-ਵ੍ਰਿਤਾਂਤ, ਕਹਾਣੀ ਅਤੇ ਹੋਰ ਸਾਹਿਤਕ ਰੂਪਾਂ ਦੀਆਂ ਕਿਤਾਬਾਂ ਸ਼ਾਮਲ ਹਨ। ਇਹ ਰਚਨਾਵਾਂ ਸਮਕਾਲੀ ਪੰਜਾਬੀ ਸਾਹਿਤ ਦੀ ਵਿਭਿੰਨਤਾ ਨੂੰ ਦਰਸਾਉਂਦੀਆਂ ਹਨ। ਪੁਸਤਕ ਵਿੱਚ ਜਿਨ੍ਹਾਂ ਕਿਤਾਬਾਂ ਦੀ ਸਮੀਖਿਆ ਕੀਤੀ ਗਈ ਹੈ, ਉਨ੍ਹਾਂ ਵਿੱਚ ਮੁੱਖ ਤੌਰ 'ਤੇ "ਲਾਹੌਰ ਦੀ ਫਿਜ਼ਾ", "ਹਾਜ਼ਰ-ਗੈਰਹਾਜ਼ਰ", "ਪ੍ਰੀਤੀ", "ਤੁਰ ਗਏ ਯਾਰ ਨਿਰਾਲੇ", "ਤੀਲਾ", "ਅੱਖਰਵਿਤਾ", "ਜ਼ਿੰਦਗੀ ਜਸ਼ਨ ਹੈ", "ਕਿਸ ਨੂੰ ਆਖਾਂ", "ਅਲਵਿਦਾ! ਕਦੇ ਵੀ ਨਹੀਂ", "ਠਹਏ ਭਲਏਦਿਨਗ ੱਮਏਨ", "ਮੁਆਫੀਨਾਮਾ", "ਨਾਰਥ ਪੋਲ - ਧਰਤੀ ਦਾ ਮੁਕਟ", "ਇਸ ਧਰਤੀ 'ਤੇ ਰਹਿੰਦਿਆਂ", "ਤਲਾਸ਼ ਜਾਰੀ ਹੈ", "ਸੁਰਖ ਰਾਹਾਂ ਦੇ ਹਮਸਫ਼ਰ", "ਦੀਵਿਆਂ ਦੀ ਡਾਰ", "ਖਾਲੀ ਆਲ੍ਹਣਾ", "ਚਾਲੀ ਦਿਨ", "ਕੱਚੇ ਪੱਕੇ ਰਾਹ", "ਅਦੀਬ ਸਮੁੰਦਰੋਂ ਪਾਰ ਦੇ", "ਵੇਖਿਆ ਸ਼ਹਿਰ ਬੰਬਈ", "ਹਾਲ ਉਠਾਈਂ ਕਹੀਏ", "ਕੁੜੀ ਕਹਾਣੀ ਬਣਦੀ ਗਈ", "ਤਰਕਸ਼", "ਸਤਨਾਜਾ" ਅਤੇ "ਰਾਵਣ ਹੀ ਰਾਵਣ" ਵਰਗੀਆਂ ਰਚਨਾਵਾਂ ਸ਼ਾਮਲ ਹਨ।

ਇਹ ਸੂਚੀ ਸਿਰਫ਼ ਨਾਮਾਂ ਦੀ ਗਿਣਤੀ ਨਹੀਂ, ਬਲਕਿ ਪੰਜਾਬੀ ਸਾਹਿਤ ਦੀ ਵਿਭਿੰਨ ਧਾਰਾਵਾਂ ਦਾ ਦਰਪਣ ਹੈ। ਡਾ. ਬਾਠ ਨੇ ਹਰ ਰਚਨਾ ਨੂੰ ਕੇਵਲ ਸਰਲ ਜਾਣਕਾਰੀ ਦੇ ਪੱਧਰ 'ਤੇ ਨਹੀਂ ਪੜ੍ਹਿਆ, ਸਗੋਂ ਉਸ ਦੀ ਅੰਦਰੂਨੀ ਆਤਮਾ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਹੈ।




ਡਾ. ਬਾਠ ਦੀ ਸਮੀਖਿਆ ਕਲਾ ਦੀ ਇੱਕ ਵੱਡੀ ਖਾਸੀਅਤ ਇਹ ਹੈ ਕਿ ਉਹ ਕਿਸੇ ਵੀ ਰਚਨਾ ਨੂੰ ਸਿਰਫ਼ ਸਿਧਾਂਤਕ ਅਲੋਚਨਾ ਦੇ ਸਾਂਚੇ ਵਿੱਚ ਨਹੀਂ ਫਸਾਉਂਦਾ। ਉਹ ਰਚਨਾ ਨੂੰ ਮਨੁੱਖੀ ਅਨੁਭਵਾਂ ਅਤੇ ਸਮਾਜਕ ਸੰਦਰਭਾਂ ਨਾਲ ਜੋੜ ਕੇ ਵੇਖਦਾ ਹੈ। ਉਦਾਹਰਣ ਵਜੋਂ ਪੁਸਤਕ "ਲਾਹੌਰ ਦੀ ਫਿਜ਼ਾ" ਦੀ ਸਮੀਖਿਆ ਕਰਦਿਆਂ ਉਹ ਸਿਰਫ਼ ਯਾਤਰਾ-ਵ੍ਰਿਤਾਂਤ ਦੇ ਵੇਰਵਿਆਂ ਤੱਕ ਸੀਮਿਤ ਨਹੀਂ ਰਹਿੰਦਾ, ਬਲਕਿ ਵੰਡ ਦੀ ਪੀੜ ਅਤੇ ਮਨੁੱਖੀ ਸੰਵੇਦਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਇਸੇ ਤਰ੍ਹਾਂ "ਹਾਜ਼ਰ-ਗੈਰਹਾਜ਼ਰ" ਵਰਗੀ ਰਚਨਾ ਬਾਰੇ ਗੱਲ ਕਰਦਿਆਂ ਉਹ ਯਾਦਾਂ ਅਤੇ ਇਤਿਹਾਸ ਦੇ ਆਪਸੀ ਸੰਬੰਧ ਨੂੰ ਰੌਸ਼ਨ ਕਰਦਾ ਹੈ। 'ਅੱਖਰਵਿਤਾ' ਵਿਚ ਉਹ ਕਾਵਿ ਦੀ ਬਣਤਰ ਅਤੇ ਭਾਸ਼ਾਈ ਪ੍ਰਯੋਗਾਂ 'ਤੇ ਵਿਸ਼ੇਸ਼ ਧਿਆਨ ਦਿੰਦਾ ਹੈ। ਉਹ ਦਰਸਾਉਂਦਾ ਹੈ ਕਿ ਆਧੁਨਿਕ ਕਾਵਿ ਵਿਚ ਪ੍ਰਯੋਗਸ਼ੀਲਤਾ ਕਿਵੇਂ ਨਵੇਂ ਰਾਹ ਖੋਲ੍ਹ ਸਕਦੀ ਹੈ। ਅਜਿਹੀ ਪੜਚੋਲ ਵਿਚ ਲੇਖਕ ਦੀ ਆਲੋਚਨਾਤਮਕ ਦ੍ਰਿਸ਼ਟੀ ਅਤੇ ਭਾਸ਼ਾਈ ਸੰਵੇਦਨਸ਼ੀਲਤਾ ਉਘੜਵੇਂ ਰੂਪ ਵਿਚ ਰੂਪਮਾਨ ਹੁੰਦੀ ਹੈ।

'ਨਾਰਥ ਪੋਲ-ਧਰਤੀ ਦਾ ਮੁਕਟ' ਵਿਚ ਵਿਦਵਾਨ ਆਲੋਚਕ ਯਾਤਰਾ-ਵ੍ਰਿਤਾਂਤ ਦੀ ਗੱਲ ਕਰਦਾ ਹੋਇਆ ਸਫਰ ਦੇ ਬਿਰਤਾਂਤ ਦੀ ਗੱਲ ਕਰਦਾ ਹੋਇਆ ਵਿਗਿਆਨਕ ਅਤੇ ਭੂਗੋਲਿਕ ਪੱਖਾਂ ਨੂੰ ਵੀ ਸਮਝਣ ਦਾ ਯਤਨ ਕਰਦਾ ਹੈ ਅਤੇ ਉਸ ਅਣਜਾਣ ਅਤੇ ਅਣੋਖੀ ਧਰਤੀ ਨੂੰ ਅਜਿਹੇ ਢੰਗ ਨਾਲ ਪੇਸ਼ ਕਰਦਾ ਹੈ ਕਿ ਪੜਚੋਲ ਪੜ੍ਹਨ ਵਾਲੇ ਪਾਠਕ ਆਪ ਉਸ ਧਰਤੀ ਤੇ ਪਹੁੰਚੇ ਮਹਿਸੂਸ ਕਰਦੇ ਹਨ। ਅਜਿਹੀ ਆਲੋਚਨਾ ਕਹਾਣੀ ਜਾਂ ਨਾਵਲ ਦੇ ਕਹਾਣੀ ਰਸ ਵਰਗੀ ਜਾਪਦੀ ਹੈ। 'ਕੱਚੇ-ਪੱਕੇ ਰਾਹ' ਦੀ ਪੜਚੋਲ ਦੌਰਾਨ ਡਾ. ਬਾਠ ਮਨੁੱਖੀ ਸੰਘਰਸ਼ ਅਤੇ ਜੀਵਨ ਯਾਤਰਾ ਦੇ ਅਰਥਾਂ ਨੂੰ ਵੀ ਉਭਾਰਦਾ ਹੈ।

"ਅਲਵਿਦਾ! ਕਦੇ ਵੀ ਨਹੀਂ", "ਠਹਏ ਭਲਏਦਿਨਗ ੱਮਏਨ" ਦੀ ਸਮੀਖਿਆ ਵਿੱਚ ਡਾ. ਬਾਠ ਦੀ ਵਿਸ਼ਲੇਸ਼ਣਕ ਦ੍ਰਿਸ਼ਟੀ ਹੋਰ ਵੀ ਤੀਖੀ ਹੋ ਜਾਂਦੀ ਹੈ। ਇੱਥੇ ਉਹ ਕੇਵਲ ਰਚਨਾ ਦ ਕਥਾ ਜਾਂ ਵਿਸ਼ੇ ਤੱਕ ਹੀ ਨਹੀਂ ਰੁਕਦਾ, ਸਗੋਂ ਉਸ ਦੀ ਭਾਵਾਤਮਕ ਗਹਿਰਾਈ, ਸਮਾਜਕ ਸੰਦੇਸ਼ ਅਤੇ ਕਲਾਤਮਕ ਸੰਰਚਨਾ ਨੂੰ ਵੀ ਪਰਖਦਾ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਇੱਕ ਪੱਕੇ ਅਤੇ ਤਜਰਬੇਕਾਰ ਪਾਠਕ ਦੀ ਨਜ਼ਰ ਨਾਲ ਰਚਨਾ ਨੂੰ ਸਮਝਣ ਦਾ ਯਤਨ ਕਰਦਾ ਹੈ। ਪੁਸਤਕ ਪੜਚੋਲ ਦੀ ਅਜਿਹੀ ਵਿਧੀ ਤੋਂ ਪੰਜਾਬੀ ਦੇ ਬਹੁਤੇ ਰੀਵਿਊਕਾਰ ਦੂਰ ਹੀ ਰਹਿੰਦੇ ਹਨ। ਪ੍ਰਸਤੁਤ ਪੁਸਤਕ ਦੀਆਂ ਕੁਝ ਹੋਰ ਸਮੀਖਿਆਵਾਂ, ਜਿਵੇਂ "ਤਰਕਸ਼", "ਸਤਨਾਜਾ" ਅਤੇ "ਰਾਵਣ ਹੀ ਰਾਵਣ", ਵਿੱਚ ਡਾ. ਬਾਠ ਦੀ ਲਿਖਤ ਹੋਰ ਵੀ ਸੰਵੇਦਨਸ਼ੀਲ ਹੋ ਜਾਂਦੀ ਹੈ। ਇਨ੍ਹਾਂ ਰਚਨਾਵਾਂ ਬਾਰੇ ਲਿਖਦਿਆਂ ਉਹ ਕਈ ਵਾਰ ਆਪਣੇ ਅੰਦਰਲੇ ਕਵੀ ਨੂੰ ਵੀ ਬੋਲਣ ਦਿੰਦਾ ਹੈ। ਇਹੀ ਕਾਰਨ ਹੈ ਕਿ ਉਸ ਦੀ ਸਮੀਖਿਆ ਕਈ ਥਾਵਾਂ 'ਤੇ ਨੀਰਸ ਜਿਹੀ ਅਲੋਚਨਾ ਹੀ ਨਹੀਂ ਰਹਿੰਦੀ, ਬਲਕਿ ਇੱਕ ਰਚਨ-ਾਤਮਕ ਲਿਖਤ ਦਾ ਰੂਪ ਧਾਰ ਲੈਂਦੀ ਹੈ।

ਇਸ ਪੁਸਤਕ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਡਾ. ਬਾਠ ਹਰ ਕਿਤਾਬ ਲਈ ਦਿੱਤੇ ਸਿਰਲੇਖਾਂ ਰਾਹੀਂ ਹੀ ਉਸ ਦੀ ਰੂਹ ਨੂੰ ਪਕੜਣ ਦਾ ਯਤਨ ਕਰਦਾ ਹੈ। ਇਹ ਸਿਰਲੇਖ ਸਿਰਫ਼ ਆਕਰਸ਼ਕ ਨਹੀਂ, ਸਗੋਂ ਪੂਰੀ ਰਚਨਾ ਦਾ ਸੰਕੇਤਕ ਨਿਚੋੜ ਵੀ ਹੁੰਦੇ ਹਨ। ਇਸ ਤਰੀਕੇ ਨਾਲ ਪਾਠਕ ਨੂੰ ਰਚਨਾ ਦੇ ਮੂਲ ਭਾਵ ਤੱਕ ਪਹੁੰਚਣ ਵਿੱਚ ਆਸਾਨੀ ਹੁੰਦੀ ਹੈ।

ਸਾਰ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ "ਸਮੇਂ ਦਾ ਸਾਹਿਤ" ਸਿਰਫ਼ ਇੱਕ ਸਮੀਖਿਆ ਪੁਸਤਕ ਨਹੀਂ, ਬਲਕਿ ਸਮਕਾਲੀ ਪੰਜਾਬੀ ਸਾਹਿਤ ਨਾਲ ਇੱਕ ਗੰਭੀਰ ਸੰਵਾਦ ਹੈ। ਉਸਦੀ ਆਲੋਚਨਾ ਸਿਰਫ ਸੰਬੰਧਤ ਪੁਸਤਕ ਦੀ ਸਤਹੀ ਜਿਹੀ ਜਾਣਕਾਰੀ ਹੀ ਪ੍ਰਦਾਨ ਨਹੀਂ ਕਰਦੀ, ਸਗੋਂ ਪੁਸਤਕ ਦੀ ਰੂਹ ਤੱਕ ਪਹੁੰਚਣ ਦਾ ਯਤਨ ਕਰਦੀ ਹੈ। ਡਾ. ਕੁਲਵਿੰਦਰ ਸਿੰਘ ਬਾਠ ਨੇ ਇਸ ਰਚਨਾ ਰਾਹੀਂ ਇਹ ਸਾਬਤ ਕੀਤਾ ਹੈ ਕਿ ਇੱਕ ਸਚਾ ਪਾਠਕ ਹੀ ਇੱਕ ਵਧੀਆ ਸਮੀਖਿਆਕਾਰ ਬਣ ਸਕਦਾ ਹੈ। ਉਨ੍ਹਾਂ ਦੀ ਇਹ ਪੁਸਤਕ ਪੰਜਾਬੀ ਸਾਹਿਤ ਦੇ ਪਾਠਕਾਂ ਲਈ ਰਚਨਾਵਾਂ ਨੂੰ ਸਮਝਣ ਵਿਚ ਸਹਾਇਤਾ ਵੀ ਕਰਦੀ ਹੈ। ਐਵਿਸ ਪ੍ਰਕਾਸ਼ਨ, ਦਿੱਲੀ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ 158 ਪੰਨਿਆ ਦੀ ਕੀਮਤ 425 ਰੁਪਏ ਹੈ।



**ਰਵਿੰਦਰ ਸਿੰਘ ਸੋਢੀ**
**ਕੈਲਗਰੀ, ਕੈਨੇਡਾ**

# ਸੁਪਨਿਆਂ ਦੀ ਨਵੀਂ ਇਬਾਰਤ, ਨਵੀਂ ਜਮਾਤ

ਨਵੇਂ ਅਕਾਦਮਿਕ ਵਰ੍ਹੇ ਦਾ ਪਹਿਲਾ ਦਿਨ ਸੀ। ਸਕੂਲ ਦੀ ਘੰਟੀ ਵੱਜਦਿਆਂ ਹੀ ਬੱਚਿਆਂ ਦੀਆਂ ਕਿਲਕਾਰੀਆਂ ਨੇ ਪੂਰੇ ਵਿਹੜੇ ਵਿੱਚ ਰੌਣਕ ਭਰ ਦਿੱਤੀ। ਇੱਕ ਅਧਿਆਪਕ ਵਜੋਂ ਜਦੋਂ ਮੈਂ ਨਵੀਂ ਜਮਾਤ ਵਿੱਚ ਦਾਖਲ ਹੋਇਆ, ਤਾਂ ਮਾਹੌਲ ਵਿੱਚ ਇੱਕ ਵੱਖਰੀ ਹੀ ਤਾਜ਼ਗੀ ਸੀ। ਹਰ ਬੱਚਾ ਆਪਣੀ ਸੀਟ 'ਤੇ ਬੜੇ ਅਦਬ ਨਾਲ ਬੈਠਾ ਸੀ ਅਤੇ ਉਨ੍ਹਾਂ ਦੀਆਂ ਅੱਖਾਂ ਵਿੱਚ ਅਜੀਬ ਜਿਹੀ ਚਮਕ ਸੀ।

ਮੈਨੂੰ ਯਾਦ ਹੈ ਇੱਕ ਵਿਦਿਆਰਥੀ, ਜੋ ਪਿਛਲੀ ਜਮਾਤ ਵਿੱਚ ਅਕਸਰ ਪੜ੍ਹਾਈ ਤੋਂ ਜੀਅ ਚੁਰਾਉਂਦਾ ਸੀ, ਅੱਜ ਸਭ ਤੋਂ ਮੂਹਰਲੀ ਸੀਟ 'ਤੇ ਬੈਠਾ ਸੀ। ਉਸ ਦੀਆਂ ਕਿਤਾਬਾਂ 'ਤੇ ਨਵੀਂ ਨਕੋਰ ਜਿਲਦ ਚੜ੍ਹੀ ਹੋਈ ਸੀ ਅਤੇ ਉਸ ਨੇ ਬਹੁਤ ਹੀ ਸੁੰਦਰ ਲਿਖਾਈ ਵਿੱਚ ਆਪਣਾ ਨਾਮ ਲਿਖਿਆ ਹੋਇਆ ਸੀ। ਜਦੋਂ ਮੈਂ ਉਸ ਕੋਲ ਜਾ ਕੇ ਪੁੱਛਿਆ, "ਬੇਟਾ, ਅੱਜ ਬੜੀ ਤਿਆਰੀ ਵਿੱਚ ਹੋ?" ਤਾਂ ਉਸ ਨੇ ਬੜੇ ਮਾਣ ਨਾਲ ਜਵਾਬ ਦਿੱਤਾ, "ਸਰ, ਇਹ ਨਵੀਂ ਜਮਾਤ ਹੈ, ਮੈਂ ਸੋਚਿਆ ਹੈ ਕਿ ਇਸ ਵਾਰ ਮੈਂ ਪੂਰੀ ਮਿਹਨਤ ਕਰਾਂਗਾ ਅਤੇ ਆਪਣੀ ਲਿਖਾਈ ਵੀ ਸੁਧਾਰਾਂਗਾ।"




ਉਸ ਬੱਚੇ ਦੇ ਚਿਹਰੇ 'ਤੇ ਉਹ ਦ੍ਰਿੜ ਇਰਾਦਾ ਦੇਖ ਕੇ ਮੈਨੂੰ ਮਹਿਸੂਸ ਹੋਇਆ ਕਿ ਨਵੀਂ ਜਮਾਤ ਸਿਰਫ਼ ਸਿਲੇਬਸ ਬਦਲਣ ਦਾ ਨਾਮ ਨਹੀਂ, ਸਗੋਂ ਇਹ ਬੱਚਿਆਂ ਨੂੰ ਆਪਣੀ ਪਛਾਣ ਦੁਬਾਰਾ ਸਿਰਜਣ ਦਾ ਮੌਕਾ ਦਿੰਦੀ ਹੈ। ਪਹਿਲੇ ਮਹੀਨੇ ਦੌਰਾਨ ਬੱਚਿਆਂ ਵਿੱਚ ਨਵੀਆਂ ਕਾਪੀਆਂ ਨੂੰ ਸੰਭਾਲ ਕੇ ਰੱਖਣ ਦਾ ਚਾਅ, ਹਰ ਸਵਾਲ ਦਾ ਜਵਾਬ ਸਭ ਤੋਂ ਪਹਿਲਾਂ ਦੇਣ ਦੀ ਕੋਸ਼ਿਸ਼ ਅਤੇ ਅਧਿਆਪਕਾਂ ਦੀਆਂ ਨਜ਼ਰਾਂ ਵਿੱਚ ਚੰਗੇ ਬਣਨ ਦੀ ਇੱਛਾ ਦੇਖਣਯੋਗ ਹੁੰਦੀ ਹੈ। ਇਹ ਉਤਸ਼ਾਹ ਸਿਰਫ਼ ਬੱਚਿਆਂ ਤੱਕ ਹੀ ਸੀਮਤ ਨਹੀਂ ਹੁੰਦਾ, ਸਗੋਂ ਇੱਕ ਅਧਿਆਪਕ ਲਈ ਵੀ ਇਹ ਨਵੀਂ ਊਰਜਾ ਲੈ ਕੇ ਆਉਂਦਾ ਹੈ। ਬੱਚਿਆਂ ਦੀਆਂ ਸਾਫ਼-ਸੁਥਰੀਆਂ ਕਾਪੀਆਂ ਅਤੇ ਉਨ੍ਹਾਂ ਦੇ ਖਿੜੇ ਹੋਏ ਚਿਹਰੇ ਸਾਨੂੰ ਇਹ ਅਹਿਸਾਸ ਕਰਵਾਉਂਦੇ ਹਨ ਕਿ ਹਰ ਸਾਲ ਸਾਨੂੰ ਕਈ ਨਵੀਆਂ ਜ਼ਿੰਦਗੀਆਂ ਨੂੰ ਸਵਾਰਨ ਦਾ ਇੱਕ ਹੋਰ ਸੁਨਹਿਰੀ ਮੌਕਾ ਮਿਲਿਆ ਹੈ। ਨਵੀਂ ਜਮਾਤ ਦਾ ਇਹ ਪਹਿਲਾ ਮਹੀਨਾ ਅਸਲ ਵਿੱਚ 'ਨਵੀਂ ਸ਼ੁਰੂਆਤ' ਦੇ ਜਸ਼ਨ ਵਰਗਾ ਹੁੰਦਾ ਹੈ।

**ਸੁਮਨਪ੍ਰੀਤ ਕੌਰ ਸਿੱਧੂ**
**ਈ.ਟੀ.ਟੀ ਅਧਿਆਪਕ**
**ਸ.ਪ.ਸ. ਵਾਂਦਰ ਪੱਤੀ**
**ਕੋਟਸ਼ਮੀਰ(ਬਠਿੰਡਾ)**

# ਅੱਜ ਦੀ ਪੀੜ੍ਹੀ ਲਾਇਕ ਅਤੇ ਫਾਲੋ ਤੱਕ ਹੀ ਸੀਮਤ ਹੁੰਦੀ ਜਾ ਰਹੀ ਹੈ

ਦੇਸ਼ ਦੀ ਸੱਭ ਤੋਂ ਮਜ਼ਬੂਤ ਤਾਕਤ ਨੌਜਵਾਨ ਪੀੜ੍ਹੀ ਹੈ।ਜਿੰਨਾਂ ਦੀਆਂ ਸਰਗਰਮੀਆਂ,ਸੋਚ-ਸਮਝ ਅਤੇ ਭਾਵਨਾਵਾਂ ਹੀ ਦੇਸ਼ ਦਾ ਭਵਿੱਖ ਤੈਅ ਕਰਦੀਆਂ ਹਨ।ਨੌਜਵਾਨ ਪੀੜ੍ਹੀ ਦੀ ਰਫ਼ਤਾਰ ਬਹੁਤ ਤੇਜ਼ ਹੈ।ਲਗਾਤਾਰ ਮੁਕਾ-ਬਲੇ ਅਤੇ ਉਮੀਦਾਂ ਦੁਆਰਾ ਪ੍ਰੇਰਿਤ ਆਪਣੇ ਆਪ ਨੂੰ ਸੱਭ ਤੋਂ ਵਧੀਆ ਵਜੋਂ ਪੇਸ਼ ਕਰਨ ਦਾ ਦਬਾਅ,ਅਤੇ ਧਿਆਨ ਭਟਕਾਉਣ ਵਾਲਾ ਹੋ ਸਕਦਾ ਹੈ ਅਤੇ ਸੁਰੱਖਿਆ ਦੀ ਭਾਵਨਾ ਪੈਦਾ ਕਰ ਸਕਦਾ ਹੈ।ਅੱਜ ਦੇ ਨਵੇ ਯੁੱਗ ਵਿੱਚ ਪ੍ਰਵੇਸ਼ ਕਰਨ ਨਾਲ ਉਨਾਂ ਨੂੰ ਆਤਮ ਵਿਸ਼ਵਾਸ਼ ਮਿਲਿਆ ਹੈ ਪਰ ਕਰੀਅਰ,ਸਬੰਧਾਂ ਅਤੇ ਕਦਰਾਂ-ਕੀਮਤਾਂ ਨੂੰ ਬਰਾਬਰ ਰੱਖਣਾ ਚੁਣੌਤੀਆਂ ਪੈਦਾ ਕਰਦਾ ਹੈ।ਸ਼ੋਸਲ ਮੀਡੀਆ ‘ਤੇ ਹਰ ਪ੍ਰਗਟਾਵੇ ਨੂੰ ਸਾਝਾਂ ਕਰਨ ਦੀ ਆਦਤ ਨੇ ਬਹੁਤ ਸਾਰੇ ਮੌਕੇ ਪ੍ਰਦਾਨ ਕੀਤੇ ਹਨ,ਪਰ ਸਮਾਜਿਕ ਨਿਯਮਾਂ ਨੇ ਤੁਲਨਾ ਕਰਨ ਦੀ ਪ੍ਰਵਿਰਤੀ ਨੂੰ ਵੀ ਉਤਸ਼ਾਹਤ ਕੀਤਾ ਹੈ।ਇਸ ਦੇ ਨਾਲ ਉਨਾਂ ਨੂੰ ਥੋੜੀ ਨਿਰਾਸ਼ਾਂ ਜਰੂਰ ਹੁੰਦੀ ਹੈ ਅਤੇ ਜੀਵਨ ਵਿੱਚ ਉਥਲ-ਪੁਥਲ ਹੋਣ ਲੱਗ ਜਾਂਦੀ ਹੈ।ਉਨਾਂ ਦਾ ਸਵੈ-ਮੁੱਲ ਹੁਣ ਸ਼ੋਸਲ ਮੀਡੀਆ ਲਾਇਕ ਜਾਂ ਫਾਲੋ ਤੱਕ ਹੀ ਸੀਮਤ ਰਹਿ ਗਿਆ ਹੈ।



ਇਹ ਮਾਨਸਿਕ ਤੌਰ ‘ਤੇ ਵਿਕਸਿਤ ਪੀੜ੍ਹੀ ਉਲਝਣ ਵਿੱਚ ਫ਼ਸ ਕੇ ਰਹਿ ਗਈ ਹੈ।ਬਹੁਤ ਸਾਰੇ ਸਵਾਲ ਹਨ ਜਿੰਨਾਂ ਦਾ ਜਵਾਬ ਇਹਨਾਂ ਦੇ ਕੋਲੋ ਨਹੀ ਮਿਲਦਾ। ਸੁਣਨ ਅਤੇ ਸਮਝਣ ਲਈ ਕੋਈ ਵੀ ਨਹੀ ਹੁੰਦਾ।ਕਈ ਵਾਰ ਉਹ ਗੱਲਬਾਤ ਜਾਂ ਕਿਸੇ ਹੋਰ ਕੰਮ ਦੇ ਲਈ ਸੰਪਰਕ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਨਹੀ ਹੋ ਪਾਉਂਦਾ,ਅਸਲ ਮਨੁੱਖੀ ਗੱਲਬਾਤ ਨਹੀ ਹੋ ਪਾ ਰਹੀ।ਅੱਜ ਦੇ ਬੱਚੇ ਅਤੇ ਨੌਜਵਾਨ ਸ਼ੋਸ਼ਲ ਮੀਡੀਆ ਡਿਜ਼ੀਟਲ ਸਾਧਨਾਂ ਵੱਲ ਨੂੰ ਜਿਆਦਾ ਵੱਧ ਰਹੇ ਹਨ।ਉਹ ਆਪਣੇ ਸਵਾਲਾਂ,ਉਲਝਣਾਂ ਅਤੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦੇ ਜਵਾਬ ਲੈਣ ਵਾਸਤੇ ‘ਚੈਟਜੀਪੀਟੀ’ ਵਰਗੇ ਪਲੇਟਫ਼ਾਰਮਾਂ ਅਤੇ ਹੋਰ ਡਿਜ਼ੀਟਲ ਸਾਧਨਾਂ ਵੱਲ ਖਿੱਚੇ ਚਲੇ ਜਾਂਦੇ ਹਨ,ਕਿਉਕਿ ਉਹਨਾਂ ਨੂੰ ਉਥੇ ਤੁਰੰਤ ਜਵਾਬ ਮਿਲ ਜਾਂਦਾ ਹੈ,ਪਰ ਮਨੁੱਖੀ ਹਮਦਰਦੀ ਦਾ ਅਹਿਸਾਸ ਆਮ ਤੌਰ ‘ਤੇ ਗੈਰਹਾਜ਼ਰ ਹੀ ਹੁੰਦਾ ਹੈ।ਇਹ ਭਾਵਨਾਤਮਕ ਥਕਾਵਟ ਉਹਨਾਂ ਦੀ ਮਾਨਸਿਕ ਸਥਿੱਤੀ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੰਦੀ ਹੈ।

ਨਵੇਂ ਡਿਜ਼ਟਿਲ ਸਾਧਨਾਂ ਦਾ ਹੋਣ ਕਰਕੇ ਨੌਜਵਾਨਾਂ ਕੋਲ ਬਹੁਤ ਸਾਰੀ ਜਾਣਕਾਰੀ ਜਮ੍ਹਾ ਰਹਿੰਦੀ ਹੈ,ਪਰ ਉਹ ਆਪਣੇ ਆਪ ਤੋਂ ਬਹੁਤ ਦੂਰ ਚਲੇ ਗਏ ਹਨ।ਇਹ ਉਨਾਂ ਦੀ ਸੋਚ ਤੇ ਭਾਵਨਾਤਮਕ ਨੂੰ ਪ੍ਰਭਾਵਤ ਕਰਦਾ ਹੈ।ਇਹ ਸਾਰਾ ਕੁੱਝ ਜਾਣਨ ਦੇ ਬਾਵਜੂਦ ਵੀ ਉਨਾਂ ਨੂੰ ਸਮਝਾਇਆ ਨਹੀ ਜਾ ਸਕਦਾ।ਸਿਰਫ਼ ਹਮਦਰਦੀ ਤੇ ਆਪਣੀ ਸਮਝਦਾਰੀ ਦਿਖਾ ਕੇ ਕੁੱਝ ਹੋ ਸਕਦਾ ਹੈ।ਜੇਕਰ ਉਹ ਸਮਝ ਜਾਂਦੇ ਹਨ ਤਾਂ ਜਾ ਕੇ ਉਹਨਾਂ ਤੇ ਕੋਈ ਅਸਰ ਹੋ ਸਕਦਾ ਹੈ।ਨੌਜਵਾਨਾਂ ਦੇ ਮਨ ਕੁੱਝ ਅਸਥਿਰ ਹੁੰਦੇ ਹਨ ਇਸ ਕਰਕੇ ਉਹ ਅਸਿੱਧੇ ਰਸਤੇ ਹੀ ਅਪਣਾਉਂਦੇ ਹਨ।ਸਿੱਧੇ ਰਸਤੇ ਤੇ ਚੱਲਣ ਲਈ ਵਿਕਲਪ ਤਾਂ ਬਹੁਤ ਹਨ ਪਰ ਇਹਨਾਂ ਲਈ ਵਿਕਲਪ ਇਕ ਭਰਮ ਬਣਿਆ ਰਹਿੰਦਾ ਹੈ।ਮੁਕਾਬਲੇ ਅਤੇ ਸਮਾਜਿਕ ਤੁਲਨਾਵਾਂ ਵਿੱਚ ਆਪਣੇ ਆਪ ਨੂੰ ਸਾਬਤ ਕਰਨ ਦੀ ਇੱਛਾ ਉਨਾਂ ਨੂੰ ਚਿੜਚਿੜਾ ਬਣਾ ਦਿੰਦੀ ਹੈ।ਹੌਸਲੇ ਦੀ ਘਾਟ ਅਤੇ ਜਲਦੀ ਵਿੱਚ ਲੈਣ ਵਾਲੇ ਫ਼ੈਸਲੇ,ਜੋ ਕਿ ਕਈ ਵਾਰ ਸਹੀ ਨਹੀ ਹੁੰਦੇ,ਉਨਾਂ ਨੂੰ ਅਣਜਾਣ ਰਸਤਿਆਂ ‘ਤੇ ਲੈ ਜਾਂਦੇ ਹਨ,ਆਪਣੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਅਸਫ਼ਲਤਾ ਨਿਰਾਸ਼ਾਂ ਵੱਲ ਲੈ ਜਾਂਦੀ ਹੈ।

ਅੱਜ ਦੇ ਸਮੇ ਵਿੱਚ ਆਤਮ-ਚਿੰਤਨ,ਆਤਮ ਸੰਘਰਸ਼ ਵੱਲ ਬੜੀ ਤੇਜ਼ੀ ਨਾਲ ਜਾ ਰਹੇ ਹਨ ਜੋ ਉਹਨਾਂ ਲਈ ਇਕ ਜਰੂਰੀ ਚੁਣੌਤੀ ਬਣਦਾ ਜਾ ਰਿਹਾ ਹੈ।ਨੌਜਵਾਨਾਂ ਦੀ ਸਥਿੱਤੀ ਇੱਕ ਗੰਭੀਰ ਮੁੱਦਾ ਬਣਦੀ ਜਾ ਰਹੀ ਹੈ।ਉਨਾਂ ਦੀਆਂ ਸਮੱਸਿਆਵਾਂ ਸੱਭ ਦੇ ਬਰਾਬਰ ਹਨ,ਅਤੇ ਉਨਾਂ ਨੂੰ ਸਮਝ,ਹਮਦਰਦੀ ਅਤੇ ਭਾਵਨਾਤਮਕ ਮਾਰਗ ਦਰਸ਼ਨ ਦੀ ਲੋੜ ਹੈ।ਜੇਕਰ ਉਨ੍ਹਾਂ ਨੂੰ ਵਿਸਵਾਸ਼,ਸਮਰਥਨ ਅਤੇ ਸਰੋਤਾਂ ਦੁਆਰਾ ਮਾਰਗ ਦਰਸ਼ਨ ਕੀਤਾ ਜਾਂਦਾ ਹੈ ਤਾਂ ਉਨਾਂ ਦੀਆਂ ਵਿਕ-ਸਿਤ ਮਾਨਸਿਕ ਯੋਗਤਾਵਾਂ ਨੂੰ ਦੇਸ਼ ਲਈ ਇੱਕ ਸ਼ਕਤੀਸ਼ਾਲੀ ਨੌਜਵਾਨ ਸ਼ਕਤੀ ਵਿੱਚ ਬਦਲਿਆ ਜਾ ਸਕਦਾ ਹੈ।

ਡਿਜ਼ਟਿਲ ਮੀਡੀਆ ਵਿੱਚ ਲਗਾਤਾਰ ਸ਼ਾਮਲ ਰਹਿਣਾ,ਦੇਰ ਰਾਤ ਤੱਕ ਜਾਗਣਾ,ਸਵੇਰੇ ਦੇਰ ਨਾਲ ਉਠਣਾ ਜਾਂ ਅੰਤਰਰਾਸ਼ਟਰੀ ਕੰਪਨੀਆ ਵਿੱਚ ਕੰਮ ਕਰਨਾ ਇਹ ਸੱਭ ਉਨਾਂ ਦੇ ਰੋਜ਼ਮਰਾ ਦੇ ਕੰਮਾਂ ਨੂੰ ਪ੍ਰਭਾਵਿਤ ਕਰਦੇ ਹਨ।ਇਸ ਲਈ ਨੌਜਵਾਨਾ ਨੂੰ ਆਪਣੇ ਰੋਜ਼ਾਨਾ ਦੇ ਕੰਮਾਂ ਨੂੰ ਬਰਾਬਰ ਰੱਖਣ ਦੀ ਲੋੜ ਹੈ।ਉਨਾਂ ਨੂੰ ਸਮੇਂ ਦੇ ਨਾਲ ਚੱਲਣ ਅਤੇ ਸੰਜ਼ਮ ਪਰਿਵਾਰਕ ਕਦਰਾਂ-ਕੀਮਤਾਂ ਅਤੇ ਆਪਣੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਚਿੰਤਾ ਦੀ ਮਹੱਤਤਾ ਬਾਰੇ ਸਿੱਖਿਅਤ ਕਰਨਾ ਬਹੁਤ ਜਰੂਰੀ ਹੈ।ਵਰਤਮਾਨ ਵਿੱਚ ਨੌਜਵਾਨ ਬੇਕਾਬੂ ਹੋ ਰਹੇ ਹਨ ਅਤੇ ਕਈ ਵਾਰ ਆਪਣੀਆਂ ਯੋਗਤਾਵਾਂ ਨੂੰ ਸਹੀ ਦਿਸ਼ਾਂ ਵਿੱਚ ਵਰਤਣ ਵਿੱਚ ਅਸਫ਼ਲ ਰਹਿੰਦੇ ਹਨ।ਅਜਿਹਾ ਨਹੀ ਹੈ ਕਿ ਉਨਾਂ ਵਿੱਚ ਸਮਰੱਥਾ ਦੀ ਕੋਈ ਘਾਟ ਹੈ।ਉੱਚ ਯੋਗਤਾ ਪ੍ਰਾਪਤ ਹੋਣ ਦੇ ਬਾਵਜੂਦ,ਉਨਾ ਦੇ ਦਿਮਾਗ਼ ਕਈ ਵਾਰ ਗਲਤ ਦਿਸ਼ਾਂ ਵਿੱਚ ਸਰਗਰਮ ਹੋ ਜਾਂਦੇ ਹਨ,ਦਿਮਾਗ ਜਿੰਨਾਂ ਗਰਮ ਹੁੰਦਾ ਹੈ,ਉਨਾਂ ਹੀ ਜਿਆਦਾ ਮਾਨਸਿਕ ਪੋਸ਼ਣ ਦੀ ਲੋੜ ਹੁੰਦੀ ਹੈ।ਇਹ ਹੁਣ ਵੀ ਸਹੀ ਕੰਮਾਂ ਵੱਲ ਦਿਮਾਗ ਲਗਾ ਕੇ ਉਸ ਨੂੰ ਮੁੜ ਤੋਂ ਆਪਣੇ ਸਹੀ ਜਗਾ ਤੇ ਲਿਆ ਸਕਦੇ ਹਨ।ਜੇਕਰ ਨੌਜਵਾਨ ਆਪਣੇ ਸਮੇਂ ਅਤੇ ਊਰਜਾ ਨੂੰ ਸਮਝਦਾਰੀ ਨਾਲ ਵਰਤਦੇ ਹਨ,ਤਾਂ ਉਨਾਂ ਦੇ ਭਵਿੱਖ ਨੂੰ ਬਦਲਿਆ ਜਾ ਸਕਦਾ ਹੈ।ਯੋਗਤਾ ਸਿਰਫ਼ ਵਿਅਕਤੀਗਤ ਵਿਕਾਸ ਵਿੱਚ ਹੀ ਨਹੀ ਸਗੋਂ ਸਮਾਜ ਅਤੇ ਰਾਸ਼ਟਰ ਦੀ ਤਰੱਕੀ ਵਿੱਚ ਵੀ ਯੋਗਦਾਨ ਪਾ ਸਕਦੀ ਹੈ। ਪੁਰਾਣੇ ਸਮਿਆਂ ਵਿੱਚ ਵਰਤ ਰੱਖਣਾ,ਸਰੀਰ ਨੂੰ ਨੌਰਮਲ ਕਰਨਾ ਹੀ ਇੱਕ ਸਾਧਨ ਨਹੀ ਸੀ। ਸਗੋਂ ਇਸ ਨੂੰ ਅਧਿਆਤਮਿਕ ਦ੍ਰਿਸ਼ਟੀਕੋਣ ਤੋਂ ਵੀ ਦੇਖਿਆ ਜਾਦਾ ਸੀ।ਇਹ ਸਰੀਰ ਅਤੇ ਮਨ ਦੋਵਾਂ ਨੂੰ ਇੱਕ ਸਮਾਨ ਕਰਨ ਦਾ ਇਕ ਤਰੀਕਾ ਸੀ।ਅੱਜ ਦੇ ਨੌਜਵਾਨ ਨਾ ਤਾਂ ਅਧਿਆਤਮਿਕ ਨੂੰ ਅਪਣਾਉਂਦੇ ਹਨ ਅਤੇ ਨਾ ਹੀ ਰਸਮਾਂ ਰਿਵਾਜ਼ਾਂ ਦਾ ਅਨੁਭਵ ਕਰਦੇ ਹਨ।ਆਧੁਨਿਕ ਦਿੱਖ ਅਤੇ ਆਧੁਨਿਕ ਜੀਵਨ ਸ਼ੈਲੀ ਨੇ ਉਨਾਂ ਨੂੰ ਆਪਣੀਆਂ ਜੜ੍ਹਾਂ ਤੋਂ ਦੂਰ ਕਰ ਰੱਖਿਆ ਹੈ।ਰਿਸ਼ੀਆਂ ਅਤੇ ਸੰਤਾਂ ਦੀ ਧਰਤੀ ਵਿੱਚ,ਜਿੱਥੇ ਲੋਕ ਧਿਆਨ ਅਤੇ ਯੋਗਾ ਦੁਆਰਾ ਸਿਹਤ ਬਣਾਈ ਰੱਖਦੇ ਹਨ,ਅੱਜ ਨੌਜਵਾਨ ਨਕਲੀ ਦਵਾਈਆਂ ਅਤੇ ਪੌਸ਼ਟਿਕ ਖੁਰਾਕਾਂ ਨਾਲ ਆਪਣੇ ਸਰੀਰ ਨੂੰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।ਇਹ ਉਨਾਂ ਨੂੰ ਕੁਦਰਤੀ ਜੀਵਨ ਸ਼ੈਲੀ ਅਤੇ ਕੁਦਰਤੀ ਸਰੋਤਾਂ ਤੋਂ ਦੂਰ ਕਰ ਰਿਹਾ ਹੈ।ਕੁਦਰਤੀ ਸਰੋਤਾਂ ਤੋਂ ਇਸ ਦਾ ਟੁੱਟਣਾ,ਉਨਾਂ ਦੇ ਸਰੀਰ ਅਤੇ ਮਨ ਲਈ ਨੁਕਸਾਨਦੇਹ ਹੈ।ਨਤੀਜੇ ਵਜੋਂ,ਉਨਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਦੀ ਸੱਚਮੁਚ ਦੇਖਭਾਲ ਨਹੀ ਕੀਤੀ ਜਾ ਰਹੀ ਹੈ,ਅਤੇ ਉਨਾਂ ਦੀ ਜੀਵਨ ਸ਼ੈਲੀ ਅਸੰਤੁਲਿਤ ਹੁੰਦੀ ਜਾ ਰਹੀ ਹੈ।ਦੂਜੇ ਪਾਸੇ,ਅੱਜ ਦੀਆਂ ਨੌਜਵਾਨ ਔਰਤਾਂ ਆਪਣੀ ਸਰੀਰਕ ਸੁੰਦਰਤਾ ਨੂੰ ਵਧਾਉਣ ਲਈ ਕਈ ਤਰਾਂ ਦੀਆਂ ਦਵਾਈਆਂ ਅਤੇ ਸਿੰਗਾਰ ਸਮੱਗਰੀ ਦੀ ਵਰਤੋਂ ਕਰ ਰਹੀਆਂ ਹਨ।ਇਸ ਨਾਲ ਚਮੜੀ ਦੇ ਰੋਗ, ਬੱਚੇਦਾਨੀ ਦਾ ਕੈਸਰ ਅਤੇ ਹੋਰ ਗੰਭੀਰ ਬੀਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ।ਨੌਜਵਾਨ ਆਪਣੇ ਸਰੀਰ ਨੂੰ ਬਣਾਉਣ ਲਈ ਨਕਲੀ ਤਰੀਕਿਆਂ ਅਤੇ ਪ੍ਰੋਟੀਨ ਨਾਲ ਭਰਪੂਰ ਕੁਝ ਨਾ ਕੁਝ ਦਾ ਸਹਾਰਾ ਲੈ ਰਹੇ ਹਨ,ਜਿਸ ਦਾ ਉਨਾਂ ਦੇ ਸਰੀਰ ਤੇ ਬਹੁਤ ਮਾੜਾ ਪ੍ਰਭਾਵ ਪੈਦਾ ਹੈ। ਸੁੰਦਰ ਦਿਖਣ ਦੀ ਇੱਛਾ ਕਈ ਵਾਰ ਉਨਾਂ ਨੂੰ ਕੋਈ ਵੀ ਰਸਤਾ ਅਪਣਾਉਣ ਲਈ ਮਜ਼ਬੂਰ ਕਰਦੀ ਹੈ ਜੋ ਕਿ ਉਨਾਂ ਦੀ ਸਿਹਤ ਅਤੇ ਜੀਵਨ ਲਈ ਨੁਕਸਾਨਦੇਹ ਹੋ ਸਕਦਾ ਹੈ।



**ਅਮਰਜੀਤ ਚੰਦਰ**
**ਲੁਧਿਆਣਾ**

# ਕਿਸੇ ਨੇ ਵੇਚੀ ਫ਼ਸਲ,ਕਿਸੇ ਨੇ ਚੁੱਗੀ ਰੋਟੀ

ਸਮਾਜ ਵਿੱਚ ਅਕਸਰ ਅਜਿਹੇ ਦ੍ਰਿਸ਼ ਵੀ ਦੇਖਣ ਨੂੰ ਮਿਲ ਜਾਂਦੇ ਹਨ ਜੋ ਸਾਨੂੰ ਡੂੰਘੀ ਸੋਚ ਵਿੱਚ ਪਾ ਦਿੰਦੇ ਹਨ। ਅਸੀਂ ਅਕਸਰ ਆਪਣੀ ਜ਼ਿੰਦਗੀ ਦੀਆਂ ਮੁਸ਼ਕਲਾਂ ਬਾਰੇ ਗਿਲੇ-ਸ਼ਿਕਵੇ ਕਰਦੇ ਰਹਿੰਦੇ ਹਾਂ, ਪਰ ਜਦੋਂ ਅਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਹਾਲਤ ਨੂੰ ਧਿਆਨ ਨਾਲ ਵੇਖਦੇ ਹਾਂ ਤਾਂ ਅਹਿਸਾਸ ਹੁੰਦਾ ਹੈ ਕਿ ਬਹੁਤ ਸਾਰੇ ਲੋਕ ਸਾਡੇ ਨਾਲੋਂ ਆਰਥਿਕ ਤੌਰ ‘ਤੇ ਕਾਫ਼ੀ ਮੁਸ਼ਕਲ ਹਾਲਾਤਾਂ ਵਿੱਚ ਜੀ ਰਹੇ ਹਨ। ਸੱਚ ਤਾਂ ਇਹ ਹੈ ਕਿ ਜ਼ਿੰਦਗੀ ਹਰ ਕਿਸੇ ਲਈ ਇੱਕੋ ਜਿਹੀ ਨਹੀਂ ਹੁੰਦੀ। ਕੋਈ ਖੁਸ਼ੀ ਨਾਲ ਜੀਉਂਦਾ ਹੈ ਤੇ ਕੋਈ ਗਮਾਂ ਦੇ ਨਾਲ ਵੀ ਆਪਣੀ ਜ਼ਿੰਦਗੀ ਅੱਗੇ ਵਧਾਉਂਦਾ ਰਹਿੰਦਾ ਹੈ।

ਕੁੱਝ ਦਿਨ ਪਹਿਲਾਂ ਸਫ਼ਰ ਦੌਰਾਨ ਇੱਕ ਦ੍ਰਿਸ਼ ਨੇ ਮੇਰਾ ਧਿਆਨ ਅਪਣੇ ਵੱਲ ਖਿੱਚ ਲਿਆ। ਮੈਂ ਵੇਖਿਆ ਕਿ ਇੱਕ ਖੇਤ ਵਿੱਚ ਚਾਰ-ਪੰਜ ਔਰਤਾਂ ਅਤੇ ਕੁੱਝ ਬੱਚੇ ਆਲੂ ਚੁੱਗ ਰਹੇ ਸਨ। ਪਹਿਲਾਂ ਲੱਗਿਆ ਕਿ ਸ਼ਾਇਦ ਉਹ ਖੇਤ ਦੇ ਮਾਲਕ ਹਨ, ਪਰ ਧਿਆਨ ਨਾਲ ਦੇਖਣ ਤੇ ਪਤਾ ਲੱਗਿਆ ਕਿ ਕਿਸਾਨ ਆਪਣੀ ਆਲੂ ਦੀ ਫ਼ਸਲ ਪਹਿਲਾਂ ਹੀ ਵੇਚ ਚੁੱਕਾ ਸੀ। ਫਿਰ ਵੀ ਖੇਤ ਵਿੱਚ ਕੁੱਝ ਆਲੂ ਰਹਿ ਜਾਂਦੇ ਹਨ, ਜਿਨ੍ਹਾਂ ਨੂੰ ਇਹ ਲੋਕ ਚੁੱਗ ਕੇ ਆਪਣੇ ਘਰ ਦੀ ਰੋਟੀ ਦਾ ਜੁਗਾੜ ਕਰਦੇ ਹਨ। ਇਹ ਦ੍ਰਿਸ਼ ਸਿਰਫ਼ ਗਰੀਬੀ ਨਹੀਂ ਦਿਖਾਉਂਦਾ, ਸਗੋਂ ਜ਼ਿੰਦਗੀ ਦੀ ਹਕੀਕਤ ਵੀ ਸਾਹਮਣੇ ਲਿਆਉਂਦਾ ਹੈ।

ਇਹ ਦ੍ਰਿਸ਼ ਵੇਖ ਕੇ ਮੈਨੂੰ ਉਹ ਸਮਾਂ ਵੀ ਯਾਦ ਆ ਗਿਆ ਜਦੋਂ ਕਿਸਾਨ ਕਣਕ ਦੀ ਫ਼ਸਲ ਕੱਟ ਕੇ ਵੇਚ ਲੈਂਦੇ ਹਨ। ਉਸ ਤੋਂ ਬਾਅਦ ਕੁੱਝ ਲੋਕ ਖੇਤਾਂ ਵਿੱਚੋਂ ਕਣਕ ਦੇ ਸਿੱਟੇ ਚੁੱਕਦੇ ਨਜ਼ਰ ਆਉਂਦੇ ਹਨ। ਇਹ ਲੋਕ ਕਿਸੇ ਕੋਲ ਹੱਥ ਫੈਲਾਉਣ ਦੀ ਬਜਾਏ ਆਪਣੀ ਮਿਹਨਤ ਨਾਲ ਛੋਟੇ-ਛੋਟੇ ਤਰੀਕਿਆਂ ਨਾਲ ਆਪਣਾ ਗੁਜ਼ਾਰਾ ਕਰਦੇ ਹਨ। ਅਜਿਹੇ ਦ੍ਰਿਸ਼ ਸਾਨੂੰ ਇੱਕ ਵੱਡੀ ਸਿੱਖ ਦੇ ਜਾਂਦੇ ਹਨ ਕਿ ਸਾਨੂੰ ਆਪਣੀ ਜ਼ਿੰਦਗੀ ਲਈ ਹਮੇਸ਼ਾਂ ਸ਼ੁਕਰਗੁਜ਼ਾਰ ਰਹਿਣਾ ਚਾਹੀਦਾ ਹੈ। ਗਿਲੇ-ਸ਼ਿਕਵੇ ਕਦੇ ਖਤਮ ਨਹੀਂ ਹੁੰਦੇ, ਪਰ ਜਦੋਂ ਅਸੀਂ ਸਮਾਜ ਦੀ ਹਕੀਕਤ ਨੂੰ ਵੇਖਦੇ ਹਾਂ ਤਾਂ ਸਮਝ ਆਉਂਦੀ ਹੈ ਕਿ ਬਹੁਤ ਸਾਰੇ ਲੋਕ ਘੱਟ ਸਾਧਨਾਂ ਨਾਲ ਵੀ ਹਿੰਮਤ ਅਤੇ ਸਬਰ ਨਾਲ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਇਹੀ ਜ਼ਿੰਦਗੀ ਦੀ ਅਸਲ ਸੱਚਾਈ ਹੈ।



**ਪਵਨ ਕੁਮਾਰ ਅੱਤਰੀ**
**(ਕਪੂਰਥਲਾ)**
**pkattiiir@gmial.com**

# ਪੱਕਾ ਵਿਸ਼ਵਾਸ




ਤੀਜੀ ਕੀਮੋ ਤੋਂ ਬਾਅਦ ਪਿਛਲੇ ਪੰਦਰਾਂ ਦਿਨਾਂ ਤੋਂ ਮੇਰੀ ਹਾਲਤ ਬਹੁਤ ਖਰਾਬ ਸੀ। ਪਾਣੀ ਦੀ ਘੁੱਟ ਵੀ ਨਹੀਂ ਪਚਦੀ ਸੀ। ਖਾਣਾ ਖਾਣਾ ਤਾਂ ਦੂਰ ਦੀ ਗੱਲ ਸੀ। ਇਹਨਾਂ ਪੰਦਰਾਂ ਦਿਨਾਂ ਵਿੱਚ ਮੇਰਾ ਤਕਰੀਬਨ ਬਾਰਾਂ ਕਿੱਲੋ ਭਾਰ ਘਟ ਗਿਆ ਸੀ। ਹਸਪਤਾਲ ਦਿਖਾ ਕੇ ਪਰਤਦਿਆਂ ਮੈਂ ਆਪਣੇ ਪਤੀ ਕੋਲ ਜੂਸ ਪੀਣ ਦੀ ਇੱਛਾ ਜਤਾਈ। ਉਹਨਾਂ ਨੇ ਕਿਹਾ ਕਿ ਜਿੱਥੇ ਕਿਤੇ ਸਾਫ਼ ਸੁਥਰੀ ਜੂਸ ਦੀ ਦੁਕਾਨ ਹੋਈ ਉੱਥੇ ਰੁਕ ਕੇ ਪੀ ਲਵਾਂਗੇ। ਰਸਤੇ ਵਿੱਚ ਰੱਖ ਬਾਗ਼ ਦੇ ਕੋਲ ਜੂਸ ਵਾਲੇ ਦੀ ਪੱਕੀ ਰੇਹੜੀ ਲੱਗੀ ਹੋਈ ਸੀ। ਸਾਫ਼ ਸੁਥਰੇ ਵਧੀਆ ਵਧੀਆ ਕਈ ਤਰ੍ਹਾਂ ਦੇ ਤਾਜ਼ੇ ਫ਼ਲ ਸਜਾ ਕੇ ਰੱਖੇ ਹੋਏ ਸਨ। ਮੈਂ ਇੱਕ ਦਮ ਕਹਿ ਕੇ ਉਸ ਜੂਸ ਵਾਲ਼ੀ ਰੇਹੜੀ ਦੇ ਸਾਹਮਣੇ ਗੱਡੀ ਰੁਕਵਾ ਲਈ । ਉਸ ਤੋਂ ਅੱਗੇ ਅੱਠ ਦਸ ਗਜ਼ ਦੂਰ ਸ਼ਰਧਾਈ ਦੀ ਰੇਹੜੀ ਵੀ ਲੱਗੀ ਹੋਈ ਸੀ। ਮੈਂ ਜੂਸ ਵਾਲੇ ਨੂੰ ਜੂਸ ਦੇਣ ਲਈ ਕਿਹਾ ਤਾਂ ਉਸ ਨੇ ਵੱਡਾ ਸਾਰਾ ਕੱਚ ਦਾ ਕੱਪ ਭਰ ਕੇ ਦੇ ਦਿੱਤਾ।ਉਸ ਨੂੰ ਮੂੰਹ ਲਾਉਂਦੇ ਸਾਰ ਮੈਨੂੰ ਲੱਗਿਆ ਜਿਵੇਂ ਪਹਿਲਾਂ ਦਾ ਬਣਾ ਕੇ ਰੱਖਿਆ ਹੋਇਆ ਬੇਹਾ ਜੂਸ ਹੋਵੇ। ਮੈਂ ਜਿਵੇਂ ਹੀ ਦੋ ਘੁੱਟਾਂ ਅੰਦਰ ਲੰਘਾਈਆਂ ਉਹ ਉਸੇ ਤਰ੍ਹਾਂ ਬਾਹਰ ਨਿਕਲ ਗਈਆਂ ਤੇ ਮੈਨੂੰ ਅਵੱਤ ਆ ਆ ਕੇ ਉਹ ਵੀ ਨਾ ਪਚਿਆ ਤੇ ਬਾਹਰ ਨਿਕਲ ਗਿਆ। ਮੇਰਾ ਪਤੀ ਸ਼ਰਧਾਈ ਪੀਣ ਗਿਆ ਹੋਇਆ ਸੀ । ਪਹਿਲਾਂ ਉਹਨਾਂ ਨੇ ਮੈਨੂੰ ਵੀ ਸ਼ਰਧਾਈ ਪੀਣ ਲਈ ਕਿਹਾ ਸੀ ਪਰ ਮੇਰਾ ਦਿਲ ਸਿਰਫ਼ ਜੂਸ ਪੀਣ ਨੂੰ ਈ ਕਰ ਰਿਹਾ ਸੀ ਇਸ ਲਈ ਮੈਂ ਜੂਸ ਹੀ ਲਿਆ ਸੀ। ਜਦ ਉਹ ਸ਼ਰਧਾਈ ਪੀ ਕੇ ਵਾਪਸ ਆਏ ਤਾਂ ਮੈਂ ਕਿਹਾ ,".... ਇਹ ਜੂਸ ਪਹਿਲਾਂ ਦਾ ਕੱਢਿਆ ਲੱਗਦਾ ਹੈ.... ਦੋ ਘੁੱਟਾਂ ਅੰਦਰ ਲੰਘਾਉਂਦੇ ਸਾਰ ਹੀ ਉਲਟੀ ਆ ਗਈ।" ਉਹਨਾਂ ਨੇ ਕਿਹਾ,"... ਜੇ ਠੀਕ ਨਹੀਂ ਲੱਗਦਾ ਤਾਂ ਨਾ ਪੀ....।" ਮੈਂ ਉਵੇਂ ਭਰਿਆ ਕੱਪ ਜੂਸ ਵਾਲੇ ਮੁੰਡੇ ਦੇ ਹਵਾਲੇ ਕੀਤਾ ਤੇ ਨਾਲ਼ ਹੀ ਪੰਜਾਹ ਦਾ ਨੋਟ ਦੇ ਕੇ ਉੱਥੋਂ ਚੱਲ ਪਏ। "ਸ਼ਰਧਾਈ ਪੀ ਕੇ ਦੇਖ ਲੈ ਇੱਕ ਵਾਰ....!" ਪਤੀ ਨੇ ਕਿਹਾ। ਮੇਰੇ ਵਿੱਚ ਬੋਲ ਕੇ ਜਵਾਬ ਦੇਣ ਦੀ ਹਿੰਮਤ ਨਹੀਂ ਸੀ ਇਸ ਕਰਕੇ ਮੈਂ ਹਾਂ ਵਿੱਚ ਸਿਰ ਹਿਲਾ ਦਿੱਤਾ। ਮੈਂ ਸੋਚ ਰਹੀ ਸੀ ਕਿ ਹੁਣ ਤੱਕ ਕਿਹੜਾ ਕੁਝ ਹਜ਼ਮ ਹੋਇਆ ਹੈ, ਜੇ ਇਹ ਵੀ ਨਾ ਹਜ਼ਮ ਹੋਈ ਤਾਂ ਕਿਹੜੀ ਕੋਈ ਖਾਸ ਵੱਡੀ ਗੱਲ ਹੋਵੇਗੀ। ਪਤੀ ਨੇ ਫਟਾਫਟ ਕਾਰ ਰੋਕੀ ਤੇ ਅੰਦਰੋਂ ਹੀ ਇੱਕ ਗਿਲਾਸ ਸ਼ਰਧਾਈ ਲਈ ਇਸ਼ਾਰਾ ਕੀਤਾ। ਸ਼ਰਧਾਈ ਵਾਲ਼ਾ ਭਾਈ ਦੋ ਕੁ ਮਿੰਟ ਵਿੱਚ ਮੋਟੇ ਕਾਗਜ਼ ਵਾਲੇ ਗਿਲਾਸ ਵਿੱਚ ਸ਼ਰਧਾਈ ਲੈ ਕੇ ਆਇਆ ਤਾਂ ਮੈਂ ਗੱਡੀ ਦਾ ਸ਼ੀਸ਼ਾ ਹੇਠਾਂ ਕੀਤਾ । ਬਾਹਰੋਂ ਬਹੁਤ ਹੀ ਰਸਭਿੰਨੇ ਕੀਰਤਨ ਦੀ ਅਵਾਜ਼ ਕੰਨੀਂ ਪਈ ਜੋ ਸ਼ਰਧਾਈ ਵਾਲ਼ੇ ਦੀ ਰੇਹੜੀ ਤੇ ਚੱਲ ਰਿਹਾ ਸੀ। ਮੈਂ ਪੈਸੇ ਦੇ ਕੇ ਗਿਲਾਸ ਫੜ ਲਿਆ। ਮੈਂ ਸ਼ਰਧਾਈ ਪੀਤੀ ਤੇ ਅਸੀਂ ਘਰ ਵੱਲ ਚੱਲ ਪਏ। ਮੈਂ ਤਾਂ ਉਹੀ ਸੋਚ ਰਹੀ ਸੀ ਜੋ ਮੇਰੇ ਨਾਲ਼ ਕੁਛ ਵੀ ਖਾਣ ਪੀਣ ਤੋਂ ਇੱਕਦਮ ਬਾਅਦ ਵਿੱਚ ਹੁੰਦਾ ਸੀ ਪਰ ਇਸ ਵਾਰ ਉਂਝ ਨਾ ਹੋਇਆ। ਸ਼ਰਧਾਈ ਮੈਨੂੰ ਹਜ਼ਮ ਹੋ ਗਈ ਸੀ।ਉਸ ਤੋਂ ਬਾਅਦ ਘਰ ਆ ਕੇ ਮੈਂ ਜੋ ਦਵਾਈ ਖਾਧੀ ਉਹ ਵੀ ਹਜ਼ਮ ਹੋ ਗਈ।ਚਾਹੇ ਇਹ ਗੱਲ ਪਹਿਲਾਂ ਹੀ ਮੈਨੂੰ ਪਤਾ ਸੀ ਪਰ ਮੇਰੇ ਮਨ ਵਿੱਚ ਹੋਰ ਵੀ ਪੱਕਾ ਵਿਸ਼ਵਾਸ ਪੈਦਾ ਹੋ ਗਿਆ ਕਿ ਜੋ ਵੀ ਖਾਣ ਪੀਣ ਵਾਲ਼ੀ ਚੀਜ਼ ਪਰਮਾਤਮਾ ਦਾ ਨਾਂ ਸਿਮਰਦਿਆਂ ਤਿਆਰ ਕੀਤੀ ਜਾਂਦੀ ਹੈ ਉਸ ਵਿੱਚ ਕੋਈ ਵੱਖਰੀ ਦੈਵੀ ਸ਼ਕਤੀ ਜ਼ਰੂਰ ਪੈਦਾ ਹੋ ਜਾਂਦੀ ਹੈ ਜਿਸ ਨੂੰ ਮੈਂ ਉਸ ਦਿਨ ਆਪ ਮਹਿਸੂਸ ਕੀਤਾ ਸੀ।



**ਬਰਜਿੰਦਰ ਕੌਰ ਬਿਸਰਾਓ...**
9988901324

# ਪੰਜਾਬ 'ਚ ਅੰਧ ਵਿਸ਼ਵਾਸ ਫੈਲਣ ਦੀ ਚਿੰਤਾਜਨਕ ਰਫ਼ਤਾਰ ਸਮਾਜ ਲਈ ਵੱਡਾ ਚੈਲੰਜ

ਪੰਜਾਬ ਵਿਚ ਅੰਧ ਵਿਸ਼ਵਾਸ ਇੱਕ ਵਧਦੀ ਹੋਈ ਸਮੱਸਿਆ ਬਣ ਚੁੱਕੀ ਹੈ। ਇਸਦਾ ਪ੍ਰਭਾਵ ਨਿਰਾਸ਼ਾਵਾਦ, ਗਲਤ ਇਲਾਜ, ਧਾਰਮਿਕ ਸ਼ੋਸ਼ਣ ਅਤੇ ਸਮਾਜਕ ਪਿੱਛੜੇਪਣ ਰੂਪ ਵਿਚ ਸਾਹਮਣੇ ਆ ਰਿਹਾ ਹੈ। ਇਹ ਸਿਰਫ਼ ਪਿੱਛੜੀਆਂ ਜਾਗਰੂਕਤਾਵਾਂ ਤੱਕ ਸੀਮਤ ਨਹੀਂ, ਸਗੋਂ ਪੜ੍ਹੇ-ਲਿਖੇ ਲੋਕ ਵੀ ਕਈ ਵਾਰੀ ਅੰਧ ਵਿਸ਼ਵਾਸ ਦੇ ਜਾਲ 'ਚ ਫਸ ਜਾਂਦੇ ਹਨ। ਅੰਧ ਵਿਸ਼ਵਾਸ ਮੀਡੀਆ, ਧਾਰਮਿਕ ਆਸਥਾਵਾਂ, ਪਰੰਪਰਾਵਾਂ ਅਤੇ ਅਣਜਾਣੇ ਡਰ ਰਾਹੀਂ ਲੋਕਾਂ ਵਿਚ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦਾ ਹੈ। ਕਈ ਵਾਰ ਮਾਸ ਕਮਿਊਨੀਕੇਸ਼ਨ (ਜਿਵੇਂ ਕਿ ਟੀਵੀ, ਯੂਟਿਊਬ, ਵਾਟਸਐਪ ਆਦਿ) ਰਾਹੀਂ ਗਲਤ ਜਾਣਕਾਰੀਆਂ ਨੂੰ 'ਚਮਤਕਾਰ' ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ, ਜੋ ਲੋਕਾਂ ਨੂੰ ਤੁਰੰਤ ਪ੍ਰਭਾਵਤ ਕਰ ਲੈਂਦਾ ਹੈ।ਢੋਂਗੀ ਬਾਬੇ ਅਤੇ ਤੰਤਰ ਮੰਤਰ ਵਾਲੇ ਜਿਹੜੇ ਚਮਤਕਾਰ ਦੇ ਨਾਂ 'ਤੇ ਲੋਕਾਂ ਦੀ ਧਨ-ਦੌਲਤ ਲੁੱਟਦੇ ਹਨ। ਅਣਜਾਣ ਧਾਰਮਿਕ ਅੰਧਭਗਤੀ ਵਾਲੇ ਗੁਰੂ ਜੋ ਵਿਗਿਆਨ ਨੂੰ ਨਕਾਰਦੇ ਹਨ ਅਤੇ ਆਪਣੇ ਮਨਮੱਤੀ ਉਪਦੇਸ਼ ਫੈਲਾਉਂਦੇ ਹਨ। ਮੋਟਰਾਂ ਅਤੇ ਵਾਟਸਐਪ ਯੂਨੀਵਰਸਿਟੀ ਗਲਤ ਜਾਣਕਾਰੀ ਵਾਲੀਆਂ ਵੀਡੀਓਜ਼ ਅਤੇ ਮੈਸੇਜ ਜੋ ਲੜੀਵਾਰ ਤਰੀਕੇ ਨਾਲ ਫੈਲਾਏ ਜਾਂਦੇ ਹਨ। ਕਈ ਵਾਰ ਘਰੇਲੂ ਵੱਡੇ ਜੋ ਪਰੰਪਰਾਵਾਂ ਨੂੰ "ਸੱਚ" ਮੰਨ ਕੇ ਨਵੀ ਪੀੜ੍ਹੀ ਨੂੰ ਵੀ ਉਸ ਰਾਹ ਪਾ ਦਿੰਦੇ ਹਨ। ਅਣਪੜ੍ਹਤਾ ਅਤੇ ਵਿਗਿਆਨਕ ਸੋਚ ਦੀ ਘਾਟ , ਡਰ ਅਤੇ ਨਿਰਾਸ਼ਾ ਵਾਲੀ ਮਨੋਵ੍ਰਿਤੀ ਵਾਲੇ ਸਿਹਤ ਸਹੂਲਤਾਂ ਦੀ ਕਮੀ ਕਾਰਨ ਲੋਕ ਢੋਂਗੀਆਂ ਕੋਲ ਇਲਾਜ ਕਰਵਾਉਣ ਜਾਂਦੇ ਹਨ। ਅੰਧ ਵਿਸ਼ਵਾਸ ਕਾਰਨ ਕਈ ਵਾਰ ਲੋਕ ਆਪਣੀ ਜਾਂ ਦੂਜਿਆਂ ਦੀ ਜਾਨ ਵੀ ਖਤਰੇ ਵਿੱਚ ਪਾ ਦਿੰਦੇ ਹਨ। ਨਕਲੀ ਜਾਦੂ-ਟੋਨਾ, ਬਲਿ ਦੇਣ ਦੀਆਂ ਰਿਵਾਇਤਾਂ ਜਾਂ ਘਰੇਲੂ ਔਰਤਾਂ ਨੂੰ "ਡਾਇਨ" ਕਹਿ ਕੇ ਤਸ਼ੱਦਦ ਕਰਨਾ ਵੀ ਅਜਿਹੇ ਹੀ ਮਾਮਲਿਆਂ ਵਿੱਚ ਸ਼ਾਮਿਲ ਹਨ।ਲੋੜ ਹੈ ਸਕੂਲਾਂ ਅਤੇ ਕਾਲਜਾਂ ਵਿੱਚ ਵਿਗਿਆਨਕ ਸੋਚ ਨੂੰ ਵਧਾਇਆ ਜਾਵੇ। ਸਰਕਾਰੀ ਮੁਹਿੰਮਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਢੋਂਗੀ ਬਾਬਿਆਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਮੀਡੀਆ ਨੂੰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਸੱਚਾਈ ਅਤੇ ਵਿਗਿਆਨ ਆਧਾਰਤ ਸਮੱਗਰੀ ਉਤਸ਼ਾਹਤ ਕਰਨੀ ਚਾਹੀਦੀ ਹੈ।



**ਲਖਵਿੰਦਰ ਸਿੰਘ ਗਿੱਲ**
9855271004

# ਗੱਲ ਹਿੰਦੀ ਪੰਜਾਬੀ ਦੀ



ਰੀਲ ਵੇਖਦੇ ਵੇਖਦੇ ਹਨੂਮਾਨ ਜੀ ਪ੍ਰਗਟ ਹੋ ਗਏ। ਕਹਿੰਦੇ ਇਸ ਨੂੰ ਸ਼ੇਅਰ ਕਰੋ ਅਤੇ ਕੋਮੈਂਟ ਬਾਕਸ ਵਿੱਚ ਜੈ ਸ੍ਰੀ ਰਾਮ ਲਿਖੋ। ਸ਼ਾਮ ਤੱਕ ਕੋਈ ਸ਼ੁਭ ਸੂਚਨਾ ਮਿਲੇਗੀ। ਮੈਂ ਝੱਟ ਸ਼ੇਅਰ ਕੀਤਾ ਤੇ 'ਜੈ ਸ੍ਰੀ ਰਾਮ, ਲਿਖਕੇ ਟਿੱਪਣੀ ਕੀਤੀ।

ਅਗਲੀ ਰੀਲ ਵਿੱਚ ਭਗਵਾਨ ਸ਼ਿਵ ਪ੍ਰਗਟ ਹੋ ਗਏ। ਉਹਨਾਂ ਨੇ ਓਹੀ ਗੱਲ ਆਖੀ ਪ੍ਰੰਤੂ ਮੈਨੂੰ ਹਰ ਹਰ ਮਹਾਂਦੇਵ ਲਿਖਣ ਨੂੰ ਆਖਿਆ। ਮੈਂ ਕਹਿਣਾ ਮੰਨਿਆ ਤੇ ਓਹੀ ਕੀਤਾ। 'ਹਰ ਹਰ ਮਹਾਂਦੇਵ' ਲਿਖਕੇ ਟਿੱਪਣੀ ਵੀ ਕੀਤੀ।

ਤੀਸਰੀ ਰੀਲ ਵੀ ਵਿਚਾਲੇ ਰੁੱਕ ਗਈ। ਦੇਵੀ ਮਾਤਾ ਪ੍ਰਗਟ ਹੋਈ। ਉਸ ਨੇ ਬੇਟਾ ਆਖਕੇ ਗੱਲ ਸ਼ੁਰੂ ਕੀਤੀ ਤੇ ਮੈਨੂੰ ਜੈ ਮਾਤਾ ਦੀ ਲਿਖਣ ਨੂੰ ਆਖਿਆ। ਮੈਂ ਉਵੇਂ ਹੀ ਕੀਤਾ। 'ਜੈ ਮਾਤਾ ਦੀ' ਲਿਖਿਆ।

ਪ੍ਰੰਤੂ ਸ਼ਾਮ ਤੱਕ ਕੀ ਅਗਲੇ ਦਿਨ ਵੀ ਕੋਈ ਸ਼ੁਭ ਸਮਾਚਾਰ ਨਹੀਂ ਮਿਲਿਆ। ਬੇਗਮ ਨੂੰ ਪੁੱਛਿਆ "ਵੇਖੀ ਕਿਤੇ ਮੈਂ ਗਲਤ ਨਾਲ ਲਿਖਿਆ ਹੋਵੇ।" "ਨਹੀਂ ਤੁਸੀਂ ਬਿਲਕੁਲ ਸਹੀ ਲਿਖਿਆ ਹੈ ਕੋਈ ਮਿਸਟੇਕ ਨਹੀਂ। ਪਰ ਉਹਨਾਂ ਨੇ ਹਿੰਦੀ ਵਿੱਚ ਲਿਖਣ ਨੂੰ ਆਖਿਆ ਸੀ ਤੁਸੀਂ ਪੰਜਾਬੀ ਘਸੋੜ ਦਿੱਤੀ। ਸ਼ਾਇਦ ਪੜ੍ਹੀ ਨਾ ਗਈ ਹੋਵੇ।" ਉਸਨੇ ਆਦਤਨ ਮੇਰੀ ਹੀ ਗਲਤੀ ਕੱਢੀ। ਫਿਰ ਵੀ ਮੈਂ ਰੀਲ ਵੇਖਣੀ ਜਾਰੀ ਰੱਖੀ ਤੇ ਕਦੇ ਕੋਮੈਂਟ ਦੇ ਚੱਕਰ ਚ ਨਹੀਂ ਪਿਆ। ਕਾਹਨੂੰ ਹਿੰਦੀ ਪੰਜਾਬੀ ਦਾ ਪੁਆੜਾ ਵਧਾਉਣਾ ਹੈ।

**ਰਮੇਸ਼ ਸੇਠੀ ਬਾਦਲ**

**ਸੰਪਰਕ -9876627233**

# ਫੌਜੀ ਰਾਜਪੁਰੀ ਅਤੇ ਸੋਹਨ ਕਲੋਲੀ ਦਾ ਧਾਰਮਿਕ ਟਰੈਕ 'ਮੇਰੇ ਜੋਗੀ ਜੀ' ਰਿਲੀਜ਼

**ਰਾਜਪੁਰਾ, (ਰੋਮੀ ਘੜਾਮਾਂ):** ਸੁਪ੍ਰਸਿੱਧ ਅਤੇ ਹਰਫ਼ਨਮੌਲਾ ਫ਼ਨਕਾਰ ਫੌਜੀ ਰਾਜਪੁਰੀ ਨੇ ਆਪਣੀ ਸੁਰੀਲੀ ਆਵਾਜ਼ ਤੇ ਦਿਲਕਸ਼ ਅੰਦਾਜ਼ ਵਿੱਚ ਧਾਰਮਿਕ ਟਰੈਕ 'ਮੇਰੇ ਜੋਗੀ ਜੀ' ਨਾਲ਼ ਸਰੋਤਿਆਂ ਦੀ ਕਚਹਿਰੀ 'ਚ ਇੱਕ ਵਾਰ ਫਿਰ ਤੋਂ ਹਾਜ਼ਰੀ ਲਗਵਾਈ ਹੈ। ਜਿਸ ਨੂੰ ਖ਼ੂਬਸੂਰਤ ਸ਼ਬਦਾਵਲੀ ਤੇ ਅਲੰਕਾਰਾਂ ਨਾਲ਼ ਕਲਮਬੱਧ ਗੀਤਕਾਰ ਸੋਹਨ ਕਲੋਲੀ ਨੇ ਕੀਤਾ ਹੈ। ਮਨਮੋਹਕ ਧੁੰਨਾ ਨਾਲ਼ ਨਾਮਵਰ ਸੰਗੀਤਕਾਰ ਲਾਲੀ ਧਾਲੀਵਾਲ ਨੇ ਸ਼ਿੰਗਾਰਿਆ ਹੈ ਅਤੇ ਫਿਲਮਾਂਕਣ ਪਰਵਿੰਦਰ ਟੋਨੀ ਤੇ ਮਨੀ ਮੋਹਾਲ਼ੀ ਦੀ ਜੋੜੀ ਨੇ ਕੀਤਾ ਹੈ। ਇਸ ਤੋਂ ਇਲਾਵਾ ਗਾਇਕ ਬਲਦੇਵ ਗੋਂਗਲ਼ੂ ਤੇ ਕਾਬਲ ਕੱਬਾ ਜੈ ਨਗਰੀਆ ਨੇ ਕੋਰਸ 'ਤੇ ਸ਼ਾਨਦਾਰ ਜ਼ੁੰਮੇਵਾਰੀਆਂ ਨਿਭਾਈਆਂ ਹਨ। ਉਕਤ ਟੀਮ ਦੀ ਅਣਥੱਕ ਮਿਹਨਤ ਨਾਲ਼ ਤਿਆਰ ਹੋਏ ਇਸ ਭਜਨ 'ਮੇਰੇ ਜੋਗੀ ਜੀ' ਨੂੰ ਸਰੋਤੇ ਯੂ ਟਿਊਬ ਚੈਨਲ ਐੱਲ.ਡੀ.




ਪ੍ਰੋਡਕਸ਼ਨ 'ਤੇ ਵੇਖ/ਸੁਣ ਸਕਦੇ ਹਨ। ਆਪਣੀਆਂ ਭਵਿੱਖੀ ਯੋਜਨਾਵਾਂ ਸਬੰਧੀ ਪੁੱਛਣ 'ਤੇ ਫੌਜੀ ਸਾਹਬ ਨੇ ਦੱਸਿਆ ਕਿ ਸੋਹਨ ਕਲੋਲੀ ਦਾ ਹੀ ਲਿਖਿਆ ਇੱਕ ਹੋਰ ਭਜਨ 'ਕ੍ਰਿਸ਼ਨਾ.....' (ਹਿੰਦੀ) ਵੀ ਜਲਦ ਹੀ ਰਿਲੀਜ਼ ਕੀਤਾ ਜਾਵੇਗਾ।

# ਅਸਲ ਵੱਡਿਆਈ ਚਰਿਤਰ ਵਿੱਚ ਹੀ ਹੈ ਸਿਰਫ਼ ਦੌਲਤ ਵਿੱਚ ਨਹੀਂ

ਸਾਡੇ ਸਮਾਜ ਵਿੱਚ ਇਹ ਕਹਾਵਤ ਬੜੀ ਪ੍ਰਚੱਲਤ ਹੈ ਕਿ "ਜਿਹੜਾ ਪਿਓ ਦਾ ਨਹੀਂ ਉਹ ਕਿਸੇ ਦਾ ਨਹੀਂ"। ਇਸ ਕਹਾਵਤ ਦੇ ਪਿੱਛੇ ਡੂੰਘੀ ਸਮਾਜਕ ਸੋਚ ਅਤੇ ਅਨੁਭਵ ਲੁਕੇ ਹੋਏ ਹਨ । ਪਰ ਅੱਜ ਦੇ ਸਮੇਂ ਵਿੱਚ ਕਈ ਵਾਰ ਅਜਿਹੇ ਹਾਲਾਤ ਵੀ ਵੇਖਣ ਨੂੰ ਮਿਲਦੇ ਹਨ ਜਿੱਥੇ ਪਰਿਵਾਰ ਵੱਲੋਂ ਤਿਆਗੇ ਗਏ ਲੋਕ ਪੈਸੇ ਤਾਕਤ ਜਾਂ ਰਾਜਨੀਤਿਕ ਪਹੁੰਚ ਦੇ ਆਧਾਰ 'ਤੇ ਸਮਾਜ ਵਿੱਚ ਵੱਡਾ ਦਰਜਾ ਹਾਸਲ ਕਰ ਲੈਂਦੇ ਹਨ ਅਤੇ ਸਮੇਂ ਸਮੇਂ ਸਰਕਾਰਾਂ ਵੀ ਉਨ੍ਹਾਂ ਅੱਗੇ ਝੁੱਕਦੀਆਂ ਦਿਖਾਈ ਦਿੰਦੀਆਂ ਹਨ । ਇਸ ਨਾਲ ਸਵਾਲ ਖੜ੍ਹਾ ਹੁੰਦਾ ਹੈ ਕਿ ਅਸਲ ਮਿਆਰ ਕੀ ਹੋਣਾ ਚਾਹੀਦਾ ਹੈ , ਚਰਿਤਰ ਜਾਂ ਸਿਰਫ਼ ਸਫਲਤਾ ?

ਸਾਡੇ ਸਮਾਜ ਵਿੱਚ ਪਰਿਵਾਰ ਸਭ ਤੋਂ ਪਹਿਲੀ ਸੰਸਥਾ ਹੈ ਜਿੱਥੇ ਇਨਸਾਨ ਨੂੰ ਨੈਤਿਕਤਾ, ਸੰਸਕਾਰ ਅਤੇ ਜ਼ਿੰਮੇਵਾਰੀ ਸਿਖਾਈ ਜਾਂਦੀ ਹੈ । ਜੇਕਰ ਕੋਈ ਵਿਅਕਤੀ ਆਪਣੇ ਮਾਪਿਆਂ ਨਾਲ ਹੀ ਨਿਭਾ ਨਹੀਂ ਕਰ ਸਕਦਾ ਤਾਂ ਉਸਦੀ ਨੈਤਿਕਤਾ 'ਤੇ ਸਵਾਲ ਉੱਠਣਾ ਕੁਦਰਤੀ ਹੈ । ਇਸ ਲਈ ਲੋਕ ਅਜਿਹੇ ਬੰਦਿਆਂ 'ਤੇ ਪੂਰਾ ਭਰੋਸਾ ਨਹੀਂ ਕਰਦੇ ਪਰ ਜਦੋਂ ਉਹੀ ਵਿਅਕਤੀ ਧਨ-ਦੌਲਤ ਜਾਂ ਅਹੁਦੇ ਦੇ ਜ਼ੋਰ 'ਤੇ ਪ੍ਰਭਾਵਸ਼ਾਲੀ ਬਣ ਜਾਂਦਾ ਹੈ, ਤਾਂ ਕਈ ਵਾਰ ਕਾਨੂੰਨ ਵੀ ਉਸਦੇ ਅੱਗੇ ਕਮਜ਼ੋਰ ਦਿਖਾਈ ਦੇਣ ਲੱਗਦਾ ਹੈ।

ਇਸ ਸੰਦਰਭ ਵਿੱਚ ਇੱਕ ਆਮ ਉਦਾਹਰਨ ਲੈ ਸਕਦੇ ਹਾਂ । ਮੰਨ ਲਵੋ ਕਿਸੇ ਪਿੰਡ ਦਾ ਇੱਕ ਵਿਅਕਤੀ ਆਪਣੇ ਪਿਤਾ ਨਾਲ ਝਗੜਾ ਕਰਕੇ ਘਰ ਤੋਂ ਅਲੱਗ ਹੋ ਜਾਂਦਾ ਹੈ ਅਤੇ ਬਾਅਦ ਵਿੱਚ ਵਪਾਰ ਕਰਕੇ ਕਾਫ਼ੀ ਅਮੀਰ ਬਣ ਜਾਂਦਾ ਹੈ । ਪੈਸੇ ਦੇ ਜ਼ੋਰ 'ਤੇ ਉਹ ਰਾਜਨੀਤਿਕ ਸਬੰਧ ਬਣਾਉਂਦਾ ਹੈ ਅਤੇ ਲੋਕਾਂ 'ਤੇ ਆਪਣਾ ਪ੍ਰਭਾਵ ਕਾਇਮ ਕਰ ਲੈਂਦਾ ਹੈ। ਜਦੋਂ ਉਸ ਤੋਂ ਕੋਈ ਗਲਤ ਕੰਮ ਹੋ ਜਾਂਦਾ ਹੈ, ਤਾਂ ਉਸਦੀ ਪਹੁੰਚ ਕਾਰਨ ਕਾਨੂੰਨੀ ਕਾਰਵਾਈ ਵੀ ਢਿੱਲੀ ਪੈ ਜਾਂਦੀ ਹੈ। ਇਸ ਹਾਲਾਤ ਵਿੱਚ ਆਮ ਲੋਕਾਂ ਵਿੱਚ ਇਹ ਧਾਰਨਾ ਹੋਰ ਮਜ਼ਬੂਤ ਹੋ ਜਾਂਦੀ ਹੈ ਕਿ ਪੈਸਾ ਤੇ ਤਾਕਤ ਸੱਚ ਤੋਂ ਵੱਡੇ ਹੋ ਗਏ ਹਨ । ਇਹ ਸੋਚ ਸਮਾਜ ਲਈ ਖ਼ਤਰਨਾਕ ਹੈ । ਜੇਕਰ ਅਸੀਂ ਸਿਰਫ਼ ਕਿਸੇ ਦੀ ਸਫਲਤਾ ਨੂੰ ਹੀ ਮਾਪਦੰਡ ਬਣਾਈਏ ਅਤੇ ਉਸਦੇ ਚਰਿਤਰ ਨੂੰ ਨਜ਼ਰਅੰਦਾਜ਼ ਕਰੀਏ ਤਾਂ ਅਸੀਂ ਗਲਤ ਲੋਕਾਂ ਨੂੰ ਉਚਾਈਆਂ 'ਤੇ ਬਿਠਾ ਦਿੰਦੇ ਹਾਂ ਅਤੇ ਬੇਰੁਜਗਾਰੀ ਦੀ ਮਾਰ ਝੱਲਦਾ ਨੋਜਵਾਨ ਅਜਿਹੇ ਲੋਕਾਂ ਨੂੰ ਮਾਰਗ ਦਰਸ਼ਕ ਬਣਾ ਲੈਂਦੈ । ਇਸ ਨਾਲ ਨੌਜਵਾਨ ਪੀੜ੍ਹੀ ਨੂੰ ਵੀ ਗਲਤ ਸੰਦੇਸ਼ ਮਿਲਦਾ ਹੈ ਕਿ ਕਿਸੇ ਵੀ ਤਰੀਕੇ ਨਾਲ ਅੱਗੇ ਵੱਧ ਜਾਣਾ ਹੀ ਸਭ ਕੁਝ ਨਹੀਂ ਹੈ ਭਾਵੇਂ ਉਸ ਵਿੱਚ ਨੈਤਿਕਤਾ ਹੋਵੇ ਜਾਂ ਨਾ ਹੋਵੇ । ਸਰਕਾਰਾਂ ਅਤੇ ਕਾਨੂੰਨੀ ਪ੍ਰਣਾਲੀ ਦਾ ਫਰਜ਼ ਹੈ ਕਿ ਉਹ ਹਰ ਵਿਅਕਤੀ ਨਾਲ ਇਕ-ਸਾਰ ਵਤੀਰਾ ਰੱਖੇ ਕਿਸੇ ਦੀ ਪਹੁੰਚ ਜਾਂ ਧਨ-ਦੌਲਤ ਦੇ ਆਧਾਰ 'ਤੇ ਕਾਨੂੰਨ ਨੂੰ ਝੁਕਣਾ ਨਹੀਂ ਚਾਹੀਦਾ । ਇਸ ਨਾਲ ਹੀ ਸਮਾਜ ਵਿੱਚ ਨਿਆਂ ਅਤੇ ਭਰੋਸਾ ਬਣਿਆ ਰਹਿੰਦਾ ਹੈ ।

ਅੰਤ ਵਿੱਚ, ਸਮਾਜ ਨੂੰ ਇਹ ਸਮਝਣਾ ਪਵੇਗਾ ਕਿ ਅਸਲ ਮਾਣ-ਸਨਮਾਨ ਉਸੇ ਨੂੰ ਮਿਲਣਾ ਚਾਹੀਦਾ ਹੈ ਜੋ ਆਪਣੇ ਪਰਿਵਾਰ, ਸਮਾਜ ਅਤੇ ਨੈਤਿਕ ਮੁੱਲਾਂ ਨਾਲ ਖੜ੍ਹਾ ਰਹੇ। ਸਿਰਫ਼ ਪੈਸਾ ਜਾਂ ਅਹੁਦਾ ਕਿਸੇ ਨੂੰ ਮਹਾਨ ਨਹੀਂ ਬਣਾਉਂਦਾ । ਸੱਚਾ ਇਨਸਾਨ ਉਹੀ ਹੈ ਜੋ ਆਪਣੇ ਰਿਸ਼ਤਿਆਂ ਅਤੇ ਜ਼ਿੰਮੇਵਾਰੀਆਂ ਨੂੰ ਨਿਭਾਉਂਦਾ ਹੋਇਆ ਅੱਗੇ ਵਧੇ ਕਿਉਂਕਿ ਅਸਲ ਵੱਡਿਆਈ ਚਰਿਤਰ ਵਿੱਚ ਹੁੰਦੀ ਹੈ ਨਾ ਕਿ ਸਿਰਫ਼ ਦੌਲਤ ਵਿੱਚ ਨਹੀਂ ਹੁੰਦੀ ।



**ਪੱਤਰਕਾਰ ਬਲਦੇਵ ਸਿੰਘ ਜਨੂਹਾ ,**

**98148 24215.**

# ਬੱਚਿਆਂ ਨੂੰ ਕਿਹੜੇ ਸਕੂਲ ਵਿੱਚ ਪਾਈਏ

ਇਹ ਵਿਸ਼ਾ ਵੀ ਅੱਜ ਦੇ ਸਮੇਂ ਵਿੱਚ ਬਹੁਤ ਦਿਲਚਸਪ ਹੈ ਕਿਉਂਕਿ ਸਾਡੇ ਸਮੇਂ ਦੇ ਵਿੱਚ ਸਕੂਲ ਹੀ ਥੋੜੇ ਹੁੰਦੇ ਸਨ ਤੇ ਜ਼ਿਆਦਾ ਕਰਕੇ ਸਰਕਾਰੀ ਹੁੰਦੇ ਸਨ ਇੱਕੋ ਜਿਹੀ ਯੂਨੀਫਾਰਮ ਇੱਕੋ ਜਿਹੀਆਂ ਫੀਸਾਂ ਕੋਈ ਵਿਤਕਰਾ ਨਹੀਂ ਸੀ ਹੁੰਦਾ, ਬਰਾਬਰ ਫੀਸ ਬਰਾਬਰ ਕਿਤਾਬਾਂ ਇੱਕੋ ਜਿਹੀਆਂ । ਪਰ ਹੁਣ ਸਮੇਂ ਬਦਲ ਗਏ ਹਨ ਲੋਕਾਂ ਨੂੰ ਪਤਾ ਨਹੀਂ ਕੀ ਪਸੰਦ ਆਉਣ ਲੱਗ ਗਿਆ ਹੈ ਕਿ ਹਰ ਕੋਈ ਚਾਹੁੰਦਾ ਹੈ ਵੱਡੇ ਸਕੂਲ ਵਿੱਚ ਬੱਚਿਆਂ ਨੂੰ ਪਾਇਆ ਜਾਵੇ ਇੰਟਰ ਨੈਸ਼ਨਲ ਸਕੂਲਾਂ ਵਿੱਚ ਪਾਇਆ ਜਾਵੇ, ਏ ਸੀ ਦੀ ਸੁਵਿਧਾ ਹੋਵੇ ਏ ਸੀ ਬੱਸਾਂ ਹੋਣ।

ਮੇਰੀ ਚਿੱਠੀ ਲਮੇਰਾ ਸਮਾਂ ਨਾ ਲੈ ਲਵੇ, ਮੈਂ ਤਾਂ ਇਹੀ ਆਖਾਂਗੀ ਤੇ ਰਾਇ ਦੇਵਾਂਗੀ ਕਿ ਬੱਚਿਆਂ ਨੂੰ ਆਮ ਸਕੂਲਾਂ ਤੇ ਜਾਂ ਸਰਕਾਰੀ ਸਕੂਲਾਂ ਵਿੱਚ ਪਾਓ ਤਾਂ ਬਹੁਤ ਵਧੀਆ ਹੈ ਸੁਣਨ ਨੂੰ ਤਾਂ ਆਉਂਦਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਨਹੀਂ ਹੁੰਦੀ ਤਾਂ ਉਹਦਾ ਹੱਲ ਇਹ ਹੈ ਕਿ ਜਦੋਂ ਅਸੀਂ ਨੇਤਾ ਦੀ ਚੋਣ ਕਰਦੇ ਹਾਂ ਤਾਂ ਪਹਿਲੀ ਸ਼ਰਤ ਹੋਵੇ ਉਹ ਚੋਣ ਤਾਂ ਲੜੇਗਾ ਜੇ ਪ੍ਰਾਈਵੇਟ ਨਹੀਂ ਸਰਕਾਰੀ ਸਕੂਲ ਵਿੱਚ ਬੱਚਿਆਂ ਨੂੰ ਪਾਵੇਗਾ, ਅਧਿਆਪਕਾਂ ਤੇ ਵੀ ਪਾਬੰਦੀ ਹੋਵੇ ਕਿ ਸਰਕਾਰੀ ਨੌਕਰੀ ਉਸ ਨੂੰ ਮਿਲੇਗੀ ਜੋ ਆਪਣੇ ਬੱਚੇ ਸਰਕਾਰੀ ਸਕੂਲ ਵਿੱਚ ਪਾਵੇਗਾ, ਫਿਰ ਦੇਖੋ ਸਟੈਂਡਰਡ ਕਿੱਥੇ ਦਾ ਕਿੱਥੇ ਜਾਂਦਾ ਹੈ, ਪ੍ਰਾਈਵੇਟ ਸਕੂਲਾਂ ਵਿੱਚ ਕੀ ਨਹੀਂ ਹੁੰਦਾ ਉਥੇ ਕੋਈ ਬਰਾਬਰਤਾ ਹੈ? ਤੁਹਾਡੇ ਉੱਤੇ ਸ਼ਰਤਾਂ ਹੁੰਦੀਆਂ ਹਨ ਇਕੋ ਹੀ ਦੁਕਾਨ ਤੋਂ ਕਿਤਾਬਾਂ ਲੈਣੀਆਂ ਹਨ ,ਵਰਦੀ ਲੈਣੀ ਹੈ ਤੇ ਫੀਸਾਂ ਦਾ ਤਾਂ ਕੁਝ ਪੁੱਛੋ ਹੀ ਨਾ, ਸੋ ਇਹ ਬਿਜ਼ਨਸ ਬਣ ਚੁੱਕੇ ਹਨ, ਪਤੀ ਪਤਨੀ ਦੋਨੋਂ ਕਮਾਉਂਦੇ ਹਨ, ਤਾਂ ਵੀ ਪੂਰੀ ਨਹੀਂ ਪੈਂਦੀ ,ਤਾਂ ਮੈਂ ਇੱਥੇ ਇੱਕ ਰਾਏ ਦੇਵਾਂਗੀ ਇਸ ਪਲੇਟਫਾਰਮ ਤੋਂ ਕਿ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪਾਓ ਉਹਨਾਂ ਨੂੰ ਨਾਲ ਲੱਗਦੇ ਟਿਊਸ਼ਨਾਂ ਲਾ ਦਿਓ ਭਾਵੇਂ ਉਹ ਮਹਿੰਗੀਆਂ ਹੋਣ ਪਰ ਉਹਨਾਂ ਦੀ ਲੁੱਟ ਬੰਦ ਹੋ ਜਾਵੇਗੀ ,ਜੋ ਕੁਝ ਅੱਜ ਸਕੂਲਾਂ ਵਿੱਚ ਹੋ ਰਿਹਾ ਹੈ ਤੁਸੀਂ ਖੁਦ ਵੀ ਪੜਿਆ ਹੋਣਾ ਹੈ ਤੇ ਪੜਦੇ ਹੋ ਕਿ ਯੂ ਪੀ ਐ ਸੀ ਵਗੈਰਾ ਦੇ ਵਿੱਚ ਬੱਚੇ ਆਮ ਘਰਾਂ ਦੇ ਹਨ ਕੋਈ ਕਿਸਾਨ ਦਾ ਹੈ ਕੋਈ ਮਜ਼ਦੂਰ ਦਾ ਹੈ ਕੋਈ ਸਰਕਾਰੀ ਸਕੂਲਾਂ ਵਿੱਚ ਪੜਿਆ ਹੈ, ਇਸ ਵਾਸਤੇ ਜਿਹੜੀਆਂ ਸਬਜ਼ੀਆਂ ਏ ਸੀ ਦੇ ਥੱਲੇ ਪਈਆਂ ਹੁੰਦੀਆਂ ਹਨ ਉਹ ਜਲਦੀ ਖਰਾਬ ਹੁੰਦੀਆਂ ਹਨ, ਜਦ ਕਿ ਖੁੱਲੇ ਵਿੱਚ ਪਈਆਂ ਹੋਈਆਂ ਕੁਝ ਦਿਨ ਚੱਲ ਜਾਂਦੀਆਂ ਹਨ, ਕਹਿਣ ਦਾ ਭਾਵ ਇਹ ਹੈ ਕਿ ਬੱਚਿਆਂ ਨੂੰ ਇਨਾ ਨਾਜ਼ੁਕ ਨਾ ਬਣਾਓ ਕਿ ਕੱਲ ਨੂੰ ਕੋਈ ਮੁਸ਼ਕਲ ਦਾ ਸਾਹਮਣਾ ਕਰਨਾ ਪਵੇ ਤਾਂ ਉਹ ਕਰ ਨਾ ਸਕਣ ਤੇ ਬਿਮਾਰ ਹੋ ਜਾਣ, ਕਿਉਂਕਿ ਹੁਣ ਨਤੀਜੇ ਆ ਰਹੇ ਹਨ ਤੇ ਮਾਪਿਆਂ ਨੂੰ ਚਿੰਤਾ ਹੈ ਬੱਚਿਆਂ ਨੂੰ ਕਿੱਥੇ ਤੇ ਕਿਸ ਸਕੂਲ ਵਿੱਚ ਦਾਖਲ ਕੀਤਾ ਜਾਏ।



**ਕੰਵਲਜੀਤ ਕੌਰ ਜੁਨੇਜਾ**

**ਰੋਹਤਕ।**


joo
Just Order Online
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

# ਟੂਰ ਵਾਲ਼ੀ ਬੱਸ



ਇੱਕ ਵਾਰੀ ਮੈਂ ਪੰਚਕੂਲਾ ਗੀਤਾ ਸਕੂਲ ਦੇ ਬੱਚਿਆਂ ਦਾ ਟੂਰ ਸੋਲਨ ਘੁੰਮਾਉਣ ਲਈ ਲੈਕੇ ਗਿਆ!

ਦੀਪ ਵਾਲਿਆਂ ਦੀ ਬੱਸ ਸੀ ਵਿਚ ਪੰਜ ਮੈਡਮਾਂ ਇੱਕ ਸਕੂਲ ਦਾ ਪ੍ਰਿੰਸੀਪਲ ਬਾਕੀ ਬੱਚੇ ਸਵੇਰੇ 10 ਕੁ ਵਜੇ ਆ ਕੇ ਬਹਿ ਗਏ ਮੈਂ ਪ੍ਰਿਸੀਪਲ ਦੀ ਸ਼ਕਲ ਵੇਖਕੇ ਕੰਡਕਟਰ ਨੂੰ ਕਿਹਾ ਕਿਹਾ ਕੇ ਮਾਸਟਰ ਵੇਖਣ ਵਿਚ ਕਾਫੀ ਚਲਾਕ ਤੇ ਕੰਜੂਸ ਲੱਗ ਰਿਹਾ ਹੈ ਕਿਉਕਿ ਜਦੋਂ ਬੱਸ ਮੈਂ ਸਕੂਲ ਵਿੱਚ ਲੈਕੇ ਆਇਆ ਸੀ ਓਦੋਂ ਮੇਰੀ ਪ੍ਰਿੰਸੀਪਲ ਨਾਲ਼ ਕਾਫੀ ਗੱਲਾਂ ਬਾਤਾਂ ਹੋਈਆਂ ਮੇਰੇ ਉੱਤੇ ਐਵੇਂ ਹੀ ਰੋਅਬ ਝਾੜ ਰਿਹਾ ਸੀ ਕੇ ਤੂੰ ਲੇਟ ਪਹੁੰਚਿਆ ਹੈ ਸਕੂਲ ਬੱਸ ਲੈਕੇ....

ਖੈਰ ਚਲੋ ਜਦੋਂ ਅਸੀਂ ਸੋਲਨ (ਹਿਮਾਚਲ ਪ੍ਰਦੇਸ਼) ਪਹੁੰਚ ਗਏ ਤਾਂ ਮੈਂ ਬੱਸ ਪੈਟਰੋਲ ਪੰਪ ਉੱਤੇ ਰੋਕਕੇ ਪ੍ਰਿੰਸੀਪਲ ਜੀ ਨੂੰ ਕਿਹਾ ਕੇ ਹੁਣ ਬੱਸਾਂ ਏਥੋਂ ਛੋਟੀਆਂ ਕਰ ਲਵੋ ਕਿਉਂਕਿ ਅੱਗੇ ਜਿੱਥੇ ਤੁਸੀਂ ਜਾਣਾ ਹੈ ਓਥੇ ਵੱਡੀ ਨਹੀਂ ਜਾ ਸਕਦੀ ਰਸਤਾ ਤੰਗ ਹੈ ਪਹਾੜਾਂ ਦੇ ਤਲ਼ ਤੇ ਕੋਈ ਪਾਰਕ ਬਣਾਈ ਹੋਈ ਹੈ ਓਥੇ ਸਿਰਫ਼ ਹਿਮਾਚਲ ਦੀਆਂ ਛੋਟੀਆਂ ਬੱਸਾਂ ਹੀ ਜਾਂਦੀਆਂ ਹਨ ਮੈਨੂੰ ਪੈਟਰੋਲ ਪੰਪ ਦੇ ਡਰਾਈਵਰਾਂ ਨੇ ਦੱਸ ਦਿੱਤਾ ਸੀ!

ਪਰ ਪ੍ਰਿੰਸੀਪਲ ਕਿੱਥੇ ਮੰਨਣ ਵਾਲ਼ਾ ਸੀ ਓਹ ਮੇਰੇ ਨਾਲ ਬਹਿਸ ਕਰਨ ਲੱਗਾ ਕੇ ਓਥੇ ਵੇਲਵੋ ਬੱਸਾਂ ਜਾਂਦੀਆਂ ਹਨ ਕਿਉਕਿ ਮੈਂ ਪਹਿਲਾਂ ਕਾਰ ਵਿਚ ਬਹੁਤ ਵਾਰ ਓਥੇ ਜਾ ਚੁੱਕਿਆ ਹਾਂ

ਮੇਰੇ ਬਾਰ ਬਾਰ ਮਨਾਹ ਕਰਨ ਤੇ ਓਸਨੇ ਮੇਰੀ ਬੱਸ ਮਾਲਕ ਨਾਲ਼ ਗੱਲ ਕਰਾ ਦਿੱਤੀ ਮੈਨੂੰ ਸਮਝਣ ਵਿਚ ਦੇਰ ਨਾ ਲੱਗੀ ਕੇ ਪ੍ਰਿੰਸੀਪਲ ਅਪਣੇ ਪੈਸੇ ਬਚਾਉਣਾ ਚਾਹੁੰਦਾ ਹੈ ਅਤੇ ਬੱਚਿਆਂ ਦੀ ਜਾਨ ਨੂੰ ਖਤਰੇ ਵਿਚ ਪਾ ਰਿਹਾ ਹੈ

ਮੈਂ ਵੀ ਪਹਿਲਾਂ ਉਸ ਰਸਤੇ ਤੇ ਗਿਆ ਨਹੀਂ ਸੀ ਬੱਸ ਮਾਲਕ ਦੇ ਕਹਿਣ ਤੇ ਮੈਂ ਬੱਸ ਬੱਚਿਆਂ ਨਾਲ਼ ਭਰੀ ਓਧਰ ਨੂੰ ਤੋਰ ਦਿੱਤੀ...

ਅੱਗੇ ਓਹੀ ਹੋਇਆ ਜਿਸ ਦਾ ਡਰ ਸੀ

ਬਿਲਕੁੱਲ ਸਿੰਗਲ ਰਸਤਾ ਸਿਰਫ਼ ਬੱਸ ਦੇ ਟਾਇਰਾਂ ਦੀ ਚੁੜਾਈ ਜਿੰਨਾ ਇੱਕ ਪਾਸੇ ਕੱਟਿਆ ਹੋਇਆ ਪਹਾੜ ਦੂਜੇ ਪਾਸੇ ਖਾਈ ਅੱਗੇ ਕੈਂਚੀ ਮੋੜ

ਪਹਿਲੀ ਕੈਂਚੀ ਤੇ ਮੈਂ ਜਾਕੇ ਸਮਝ ਗਿਆ ਕੇ ਮੈਂ ਬਹੁਤ ਬੁਰੀ ਤਰ੍ਹਾਂ ਫਸ ਚੁੱਕਿਆ ਹਾਂ ਕੈਂਚੀ ਮੋੜ ਕੱਟਣ ਵੇਲੇ ਮੇਰੀ ਬੱਸ ਪਿੱਛੋਂ ਹੇਠਾਂ ਲੱਗਕੇ ਫ਼ਸ ਗਈ ਅਤੇ ਮੈਂ ਓਥੇ ਹੀ ਬੱਚੇ ਲਾਹ ਦਿੱਤੇ

ਕੈਂਚੀ ਮੋੜ ਤੋਂ ਕੁਝ ਕੁ ਅੱਗੇ ਹਿਮਾਚਲ ਦੇ ਡਰਾਈਵਰ ਬੈਠੇ ਸਿਗਰਟਾਂ ਪੀ ਰਹੇ ਸਨ ਓਹ ਚਲਕੇ ਬੱਸ ਕੋਲ਼ ਆਏ ਅਤੇ ਮੈਨੂੰ ਕਹਿਣ ਲੱਗੇ ਕੇ ਤੈਨੂੰ ਇੱਕੀਆਂ ਤੋਪਾਂ ਦੀ ਸਲਾਮੀ ਜੇ ਬੱਸ ਏਥੇ ਲੈਕੇ ਆਇਆ...?

ਹੁਣ ਤੇਰੀ ਬੱਸ ਏਥੇ ਹੀ ਰਹੇਗੀ ਨਾ ਉਪਰ ਨਾ ਥੱਲੇ ਤੂੰ ਫ਼ਸ ਚੁੱਕਿਆ ਏਂ

ਮੈਂ ਏਹ ਸੁਣਕੇ ਹੋਰ ਘਬਰਾ ਗਿਆ ਮੈਂ ਉਨ੍ਹਾਂ ਦੀਆਂ ਮਿੰਨਤਾਂ ਕੀਤੀਆਂ ਤਾਂ ਓਹਨਾਂ ਨੇ ਮੇਰੀ ਮੱਦਤ ਕਰਨੀ ਸ਼ੁਰੂ ਕਰ ਦਿੱਤੀ ਹਿਮਾਚਲ ਦਾ ਇੱਕ ਹੋਰ ਡਰਾਈਵਰ ਮਿੰਨੀ ਬੱਸ ਲੈਕੇ ਓਸੇ ਰਸਤੇ ਉਪਰੋਂ ਹੇਠਾਂ ਵੱਲ ਨੂੰ ਆ ਰਿਹਾ ਸੀ ਮੇਰੀ ਬੱਸ ਫਸਣ ਕਾਰਨ ਛੋਟੇ ਰਸਤੇ ਤੇ ਰਾਹ ਬੰਦ ਹੋ ਚੁੱਕਿਆ ਸੀ ਰਾਹ ਵਿਚ ਮੇਰੀ ਬੱਸ ਫਸੀ ਵੇਖਕੇ ਓਹ ਵੀ ਸਾਡੀ ਮੱਦਤ ਕਰਨ ਲੱਗਾ ਤਕਰੀਬਨ ਡੇਢ ਘੰਟੇ ਬਾਅਦ ਅੱਗੇ ਪਿੱਛੇ ਕਰ ਕਰ ਕੇ ਮਸਾਂ ਅਸੀਂ ਬੱਸ ਬਓਚਕ ਮੋੜਕੇ ਉਪਰ ਚੜ੍ਹਾਈ

ਜਦੋਂ ਬੱਸ ਉਪਰ ਖੜ੍ਹ ਗਈ ਮੈਂ ਪ੍ਰਿੰਸੀਪਲ ਲਈ ਬੱਸ ਵਿਚ ਪਿਆ

ਸੋਟਾ ਕੱਢ ਲਿਆ ਅਤੇ ਗੁੱਸੇ ਵਿਚ ਕਿਹਾ ਆ ਜਰਾ ਕੂ ਮੇਰੇ ਕੋਲ਼ ਤੈਨੂੰ ਪ੍ਰਿੰਸੀਪਲ ਬਣਾਵਾਂ

ਪ੍ਰਿੰਸੀਪਲ ਡਰ ਗਿਆ ਪ੍ਰਿੰਸੀਪਲ ਨੇ ਮਾਫ਼ੀ ਮੰਗਕੇ ਅਪਣਾ ਖਹਿੜਾ ਛੁਡਵਾਇਆ।

ਮੇਰੀ ਗਲਤੀ ਏਹ ਸੀ ਮੈਂ ਪ੍ਰਿੰਸੀਪਲ ਤੇ ਭਰੋਸਾ ਕਰਕੇ ਅਪਣੀ ਅਤੇ ਬੱਚਿਆਂ ਦੀ ਜਾਨ ਖਤਰੇ ਵਿਚ ਪਾ ਦਿੱਤੀ ਸੀ

ਪ੍ਰਿੰਸੀਪਲ ਦੀ ਗਲਤੀ ਏਹ ਸੀ ਕੇ ਓਹ ਕੁਝ ਪੈਸੇ ਬਚਾਉਣ ਦੀ ਖਾਤਰ ਬਹੁਤ ਵੱਡਾ ਝੂਠ ਬੋਲ ਗਿਆ ਸੀ

ਹਾਈਵੇ ਤੇ ਖੜ੍ਹਕੇ ਰੱਬ ਦਾ ਸ਼ੁਕਰ ਕੀਤਾ ਕੇ ਰੱਬਾ ਬਚਾ ਲਿਆ ਅੱਜ ਤੂੰ

ਸੋ ਬਿਨ ਪਤੇ ਤੋਂ ਕਦੇ ਵੀ ਉਸ ਰਾਹ ਤੇ ਨਾ ਜਾਵੋ ਜਿਸਦਾ ਪਤਾ ਨਾ ਹੋਵੇ

ਪੂਰੀ ਜਾਣਕਾਰੀ ਲੈਕੇ ਹੀ ਓਧਰ ਨੂੰ ਤੁਰੋ

ਛਟੀਆਂ ਬੱਸਾਂ ਵਿਚ ਪ੍ਰਿੰਸੀਪਲ ਬੱਚਿਆਂ ਨੂੰ ਬਿਠਾਕੇ ਓਹ ਪਾਰਕ ਵਿਖਾ ਲਿਆਇਆ ਨਾਲ਼ ਬਹਿਕੇ ਮੈਂ ਵੀ ਚਲਾ ਗਿਆ

ਸ਼ੁਕਰ ਰੱਬ ਦਾ ਇਹ ਵੀ ਕਰਿਆ ਕੇ ਅੱਗੇ ਰਸਤਾ ਏਸ ਤੋਂ ਵੀ ਖਰਾਬ ਸੀ

ਸ਼ਾਮ ਨੂੰ ਅਸੀਂ ਚੰਡੀਗੜ੍ਹ ਪਹੁੰਚ ਗਏ ਪ੍ਰਿੰਸੀਪਲ ਨੇ ਮੈਨੂੰ ਇਨਾਮ ਦਿੱਤਾ ਅਤੇ ਅਪਣੀ ਗਲਤੀ ਤੇ ਸ਼ਰਮਿੰਦਾ ਹੋਇਆ

**ਧੰਨਾ ਸਿੰਘ ਧਾਲੀਵਾਲ**

# ਐਵੇਂ ਘਬਰਾਹਟ ਵਿੱਚ ਆਓ ਨਾ



ਊਰਜਾ ਬਚਾਓ, ਘਬਰਾਹਟ ਵਿੱਚ ਆਓ ਨਾ ! ਬਿਨਾਂ ਜ਼ਰੂਰਤ ਤੋਂ, ਚੀਜ਼ਾਂ ਖਰੀਦ ਖਰੀਦ ਕੇ ਢੇਰ ਲਗਾਓ ਨਾ। ਦੇਸ਼ ਦੇ ਹਿੱਤ ਵਿੱਚ, ਜਮ੍ਹਾਂਖੋਰੀ ਕਰਕੇ, ਪੈਨਿਕ ਫੈਲਾਓ ਨਾ। ਰਸੋਈ ਗੈਸ ਸੰਜਮ ਨਾਲ ਵਰਤੋ, ਪੈਟਰੋਲ ਗੱਡੀਆਂ ਐਵੇਂ ਘੁਮਾਓ ਨਾ। ਪਬਲਿਕ ਵਾਹਨਾਂ ਦਾ ਉਪਯੋਗ ਕਰੋ,ਥੋੜੀ ਜਿਹੀ ਠੁੱਕ ਘਟਾਓ ਨਾ। ਬਿਪਤਾ ਵੇਲੇ, ਦੇਸ਼ ਦੀਆਂ ਸਮੱਸਿਆਵਾਂ ਨੂੰ ਵਿਚਾਰੋ ਆਪਸ ਵਿੱਚ, ਸਮੱਸਿਆਵਾਂ ਘਟਾਉਣ ਵਿੱਚ ਮੱਦਦਗਾਰ ਬਣੋ। ਮੌਕੇ ਤੇ ਕੰਮ ਆਕੇ, ਸਮਾਜ ਦੇ ਅਤੇ ਦੇਸ਼ ਦੇ, ਸੱਚੇ ਸੇਵਾਦਾਰ ਬਣੋ। ਸਥਾਨਕ ਵਸਤਾਂ ਉਪਯੋਗ ਵਿੱਚ ਲਿਆਓ, ਵਿਦੇਸ਼ੀ ਭੁਗਤਾਨ ਦਾ ਬੋਝ ਘਟਾਓ। ਭਾਰਤ ਮਾਤਾ,ਤੁਹਾਡੀ ਅਹਿਸਾਨਮੰਦ ਰਹੇਗੀ। ਅਜਿਹੇ ਸਪੂਤਾਂ ਉੱਤੇ ਮਾਣ ਕਰੇਗੀ। ਜਿਹੜੀਆਂ ਕੌਮਾਂ, ਅਪਣੇ ਦੇਸ਼ ਲਈ ਕੁਰਬਾਨ ਹੋ ਜਾਂਦੀਆਂ। ਆਉਣ ਵਾਲੀਆਂ ਨਸਲਾਂ ਨੂੰ, ਰਹਿਨੁਮਾਈ ਦੇ ਜਾਂਦੀਆਂ। ਇਸਲਾਮੀ ਮੁਲਕ ਜਾਂ ਲੋਕ ਭਾਵੇਂ ਆਪਸ ਵਿੱਚ ਲੜੀ ਜਾਂਦੇ,ਬਾਹਰੀ ਤਾਕਤਾਂ ਨੂੰ ਇੱਕ ਹੋ ਕੇ ਤਾਰੇ ਦਿਖਾਉਂਦੀਆਂ। ਟਰੰਪ ਨੂੰ ਭੱਜਣ ਨੂੰ, ਥਾਂ ਨ੍ਹੀਂ ਲੱਭਦੀ, ਪਸਾਰਵਾਦੀ ਨੀਤੀਆਂ, ਹੁਣ ਭੂਤ ਬਣਕੇ ਨੇ ਡਰਾਉਂਦੀਆਂ। ਯੂਕਰੇਨ ਤੇ ਪਾਕਿਸਤਾਨੀ ਕਮਾਂਡਰਾਂ ਨੂੰ ਹੁਣ ਮੂੰਹ ਨਹੀਂ ਲਾਉਂਦਾ,ਮੋਦੀ ਨੂੰ ਪਾਈਆਂ ਜੱਫੀਆਂ ਯਾਦ ਨੇ ਆਉਂਦੀਆਂ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ–ਆਬਾਦ #639/40 ਏ, ਚੰਡੀਗੜ੍ਹ ਫੋਨ ਨੰਬਰ : 9878469639**



# ਰਮਿੰਦਰ ਵਾਲੀਆ ਤੇ ਡਾ. ਦਲਬੀਰ ਸਿੰਘ ਕਥੂਰੀਆ ਚਾਨਣ ਗੋਬਿੰਦਪੁਰੀ ਟਰਸੱਟ ਨਵੀਂ ਦਿੱਲੀ ਵੱਲੋਂ ਚਾਨਣ ਗੋਬਿੰਦਪੁਰੀ ਅਵਾਰਡ 2026 ਨਾਲ ਹੋਏ ਸਨਮਾਨਿਤ

ਪਿੱਛਲੇ ਸਾਲ ਜੱਦ ਚਾਨਣ ਗੋਬਿੰਦਪੁਰੀ ਜੀ ਦੀ ਬੇਟੀ ਉਰਮਿਲ ਪ੍ਰਕਾਸ਼ ਜੀ ਕੈਨੇਡਾ ਆਏ ਸਨ ਤਾਂ ਉਹ ਮੈਨੂੰ ਮਿਲਣ ਘਰ ਵੀ ਆਏ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਤੇ ਵਿਸ਼ਵ ਪੰਜਾਬੀ ਸਭਾ ਵਿੱਚ ਵੀ ਮੈਂ ਉਹਨਾਂ ਨੂੰ ਆਉਣ ਲਈ ਨਿਉਤਾ ਦਿੱਤਾ ।ਉਹਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ । ਕੈਨੇਡੀਅਨ ਪੰਜਾਬੀ ਸਾਹਿਤ ਸਭਾ ਵਿਚ ਉਹਨਾਂ ਕਿਹਾ ਕਿ ਰਮਿੰਦਰ ਰੰਮੀ ਨੂੰ ਮੈਂ ਬਹੁਤ ਦੇਰ ਦੀ ਫਾਲੋ ਕਰ ਰਹੀਂ ਹਾਂ । ਉਹ ਮਾਂ ਬੋਲੀ ਪੰਜਾਬੀ ਤੇ ਸਾਹਿਤ ਦੀ ਬਹੁਤ ਸੇਵਾ ਕਰ ਰਹੇ ਹਨ , ਇਸ ਲਈ ਅਗਲੇ ਸਾਲ ਦਾ ( ਚਾਨਣ ਗੋਬਿੰਦਪੁਰੀ ) ਅਵਾਰਡ ਮੈਂ ਮਾਰਚ 2026 ਵਿੱਚ ਆ ਕੇ ਇਹਨਾਂ ਨੂੰ ਉਹ ਸਨਮਾਨ ਦਿਆਂਗੀ ।

ਮਾਰਚ ਦੇ ਪਹਿਲੇ ਹਫ਼ਤੇ ਮੈਨੂੰ ਇਹਨਾਂ ਦਾ ਫ਼ੋਨ ਆ ਗਿਆ ਕਿ ਮੈਂ ਆ ਰਹੀ ਹਾਂ ਬਹੁਤ ਥੋੜੇ ਸਮੇਂ ਲਈ ਤੇ ਤੁਸੀਂ ਦੱਸਣਾ ਕੱਦੋਂ ਤੇ ਕਿੱਥੇ ਅਵਾਰਡ ਸਮਾਰੋਹ ਕਰਨਾ ਹੈ । ਮੈਂ ਡਾ . ਦਲਬੀਰ ਸਿੰਘ ਕਥੂਰੀਆ ਜੀ ਨਾਲ ਗੱਲ ਕੀਤੀ ਤੇ ਉਹਨਾਂ ਕਿਹਾ 15 ਮਾਰਚ ਨੂੰ ਪ੍ਰੋਗਰਾਮ ਕਰ ਲੈਂਦੇ ਹਾਂ । 15 ਮਾਰਚ ਨੂੰ ਸਨਮਾਨ ਸਮਾਰੋਹ ਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ।

ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਦਰਸ਼ਨ ਦੀਪ ਜੀ ਨੇ ਬਾਖ਼ੂਬੀ ਕੀਤਾ । ਦਰਸ਼ਨ ਦੀਪ ਜੀ ਬਹੁਤ ਅੱਛੇ ਐਂਕਰ , ਹੋਸਟ ਤੇ ਸ਼ਾਇਰ ਹਨ । ਉਹਨਾਂ ਦੀ ਹੋਸਟਿੰਗ ਕਾਬਿਲੇ ਤਾਰੀਫ਼ ਹੁੰਦੀ ਹੈ । ਉਹਨਾਂ ਨੇ ਚਾਨਣ ਗੋਬਿੰਦਪੁਰੀ ਜੀ ਤੇ ਟਰਸੱਟ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਫਿਰ ਉਰਮਿਲ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ । ਡਾ . ਦਲਬੀਰ ਸਿੰਘ ਕਥੂਰੀਆ ਜੀ ਨੇ ਆਏ ਹੋਏ ਮਹਿਮਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ । ਉਰਮਿਲ ਪ੍ਰਕਾਸ਼ ਜੀ ਨੇ ਕਥੂਰੀਆ ਜੀ ਨੂੰ ਫ਼ੁੱਲਾਂ ਦਾ ਗੁਲਦਸਤਾ ਤੇ ਲੱਛਮਣ ਸਿੰਘ ਗਿੱਲ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਤੇ ਦੱਸਿਆ ਕਿ ਜਿਵੇਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੇ ਪੰਜਾਬੀ ਭਾਸ਼ਾ ਲਈ ਸਭ ਤੋਂ ਮਹੱਤਵਪੂਰਨ ਕੰਮ 1967-68 ਵਿੱਚ ਆਪਣੇ ਕਾਰਜਕਾਲ ਦੌਰਾਨ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇ ਕੇ ਕੀਤਾ ਸੀ। ਉਨ੍ਹਾਂ ਨੇ ਪੰਜਾਬੀ ਭਾਸ਼ਾ ਐਕਟ ਪਾਸ ਕਰਕੇ ਪ੍ਰਸ਼ਾਸਨਿਕ ਕੰਮਾਂ ਵਿੱਚ ਪੰਜਾਬੀ ਦੀ ਵਰਤੋਂ ਨੂੰ ਲਾਜ਼ਮੀ ਬਣਾਇਆ। ਇਸੇ ਤਰਾਂ ਕਥੂਰੀਆ ਜੀ ਵੀ ਪੰਜਾਬੀ ਭਾਸ਼ਾ ਲਈ ਜੱਦੋ ਜਹਿਦ ਕਰ ਰਹੇ ਹਨ । ਫਿਰ ਉਰਮਿਲ ਪ੍ਰਕਾਸ਼ ਨੇ ਆਪਣੇ ਵਾਅਦੇ ਮੁਤਾਬਿਕ ਰਮਿੰਦਰ ਰੰਮੀ ਨੂੰ ਚਾਨਣ ਗੋਬਿੰਦਪੁਰੀ 2026 ਦਾ ਅਵਾਰਡ ਚਿੰਨ , ਲੋਈ ਤੇ ਰਾਸ਼ੀ ਦੇ ਕੇ ਸਨਮਾਨਿਤ ਕੀਤਾ । ਇਹ ਅਵਾਰਡ ਚਾਨਣ ਗੋਬਿੰਦਪੁਰੀ ਟਰਸੱਟ ਨਵੀਂ ਦਿੱਲੀ ਵੱਲੋਂ ਦਿੱਤੇ ਜਾਂਦੇ ਹਨ । ਸਾਹਿਤ ਨਾਲ ਜੁੜੇ , ਮਾਤ ਭਾਸ਼ਾ ਦੀ ਸੇਵਾ ਕਰ ਰਹੇ ਤੇ ਸਮਾਜਸੇਵੀ ਸ਼ਖ਼ਸੀਅਤਾਂ ਨੂੰ ਵੀ ਟਰਸੱਟ ਵੱਲੋਂ ਸਨਮਾਨਿਤ ਕੀਤਾ ਜਾਂਦਾ ਹੈ । ਇਹ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਸੀ ਕਿ ਮੈਨੂੰ 2026 ਦਾ ਚਾਨਣ ਗੋਬਿੰਦਪੁਰੀ ਅਵਾਰਡ ਦੇ ਕੇ ਸਨਮਾਨਿਤ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ । ਮੈਂ ਦਿਲੋਂ ਉਰਮਿਲ ਜੀ ਦੀ ਸ਼ੁੱਕਰਗੁਜ਼ਾਰ ਹਾਂ । ਕਥੂਰੀਆ ਜੀ ਨੂੰ ਵੀ ਸਨਮਾਨ ਚਿੰਨ ਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ । ਕਵੀ ਦਰਬਾਰ ਵਿੱਚ ਵੀ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਖ਼ੂਬ ਰੰਗ ਬਣਿਆ । ਵਾਹਿਗੁਰੂ ਉਹਨਾਂ ਨੂੰ ਕੰਮ ਕਰਨ ਦੀ ਹੋਰ ਤੌਫ਼ੀਕ ਬਖ਼ਸ਼ਣ ਅਤੇ ਹਮੇਸ਼ਾਂ ਚੜ੍ਹਦੀਆਂ ਕਲਾ ਬਖ਼ਸ਼ਣ ਜੀ ।

ਸਨਮਾਨ ਸਮਾਰੋਹ ਅਤੇ ਕਵੀ ਦਰਬਾਰ ਦੇ ਬਾਦ ਸੱਭ ਨੇ ਮਿਲ ਕੇ ਚਾਹ ਪਾਣੀ ਸਨੈਕਸ ਦਾ ਅਨੰਦ ਮਾਣਿਆ ਤੇ ਮੁੜ ਮਿਲਣ ਦਾ ਵਾਦਾ ਕਰ ਵਿਦਾ ਲਈ ।






**ਧੰਨਵਾਦ ਸਹਿਤ
ਰਮਿੰਦਰ ਵਾਲੀਆ ।**

# ਅਚਾਰ ਦੇ ਡੱਬਿਆਂ ’ਚ ਲੁਕਾਈ 115 ਕਿਲੋ ਤੋਂ ਵੱਧ ਮੈਥ ਜ਼ਬਤ

## ਨਸ਼ਾ ਤਸਕਰਾਂ ਵੱਲੋਂ ਆਸਟਰੇਲੀਆ ਭੇਜਣ ਦੀ ਕੀਤੀ ਗਈ ਸੀ ਵਿਉਂਤਬੰਦੀ

**ਵੈਨਕੂਵਰ, ਮਾਰਚ (ਮਲਕੀਤ ਸਿੰਘ) –** ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਪੁਲਿਸ ਵੱਲੋਂ ਕੀਤੀ ਕਾਰਵਾਈ ਦੌਰਾਨ ਅਚਾਰ ਦੇ ਡੱਬਿਆਂ ਵਿੱਚ ਲੁਕਾਈ ਗਈ 115 ਕਿਲੋਗ੍ਰਾਮ ਤੋਂ ਵ ਧ ਮੈਥਐਮਫੈਟਾਮਾਈਨ ਜ਼ਬਤ ਕੀਤੀ ਗਈ ਹੈ। ਪੁਲਿਸ ਮੁਤਾਬਕ ਇਹ ਨਸ਼ੀਲਾ ਪਦਾਰਥ ਆਸਟ੍ਰੇਲੀਆ ਦੇ ਸ਼ਹਿਰ ਮੇਲਬੋਰਨ ਭੇਜਣ ਲਈ ਤਿਆਰ ਕੀਤਾ ਗਿਆ ਸੀ ਅਤੇ ਇਸ ਨੂੰ ਅਚਾਰ ਦੇ ਡੱਬਿਆਂ ਵਿੱਚ ਛੁਪਾ ਕੇ ਤਸਕਰੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਅਧਿਕਾਰੀਆਂ ਅਨੁਸਾਰ ਇਹ ਕਾਰਵਾਈ ਆਸਟ੍ਰੇਲੀਆਈ ਫੈਡਰਲ




ਪੁਲਿਸ ਵੱਲੋਂ ਬਰਾਮਦ ਕੀਤੀ ਗਈ ਮੈਥਐਮਫੈਟਾ ਮਾਈਨ ਦੇ ਡੱਬੇ।

ਪੁਲਿਸ ਦੀ ਸਹਾਇਤਾ ਨਾਲ ਕੀਤੀ ਗਈ, ਜਿਸ ਦੌਰਾਨ ਅੰਤਰਰਾਸ਼ਟਰੀ ਤਸਕਰੀ ਜਾਲ ਦਾ ਪਰਦਾਫਾਸ਼ ਹੋਇਆ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਜ਼ਬਤੀ ਨਸ਼ਿਆਂ ਦੀ ਤਸਕਰੀ ਖ਼ਿਲਾਫ਼ ਵੱਡੀ ਸਫਲਤਾ ਹੈ ਅਤੇ ਇਸ ਨਾਲ ਇੱਕ ਵੱਡੇ ਗਿਰੋਹ ਦੀ ਕਾਰਵਾਈ ਨੂੰ ਝਟਕਾ ਲੱਗਿਆ ਹੈ। ਜਾਂਚ ਅਜੇ ਵੀ ਜਾਰੀ ਹੈ ਅਤੇ ਹੋਰ ਗ੍ਰਿਫ਼ਤਾਰੀਆਂ ਦੀ ਸੰਭਾਵਨਾ ਹੈ।

# ਸਰੀ ਸਿਟੀ ਚੋਣਾਂ

## ਕੰਸਰਵੇਟਿਵ ਪਾਰਟੀ ਨੇ ਹੋਨਵੀਰ ਸਿੰਘ ਰੰਧਾਵਾ ਨੂੰ ਮੇਅਰ ਦਾ ਉਮੀਦਵਾਰ ਐਲਾਨਿਆ

**ਵੈਨਕੂਵਰ ( ਮਲਕੀਤ ਸਿੰਘ)–** ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਕਨੇਡਾ ਦੇ ਸ਼ਹਿਰ ਸਰੀ ਦੀਆਂ ਆਗਾਮੀ ਮਿਊਂਸਪਲ ਚੋਣਾਂ ਲਈ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਕੰਸਰਵੇਟਿਵ ਪਾਰਟੀ ਆਫ ਸਰੀ ਵੱਲੋਂ ਵੀ ਚੋਣ ਮੈਦਾਨ ਵਿੱਚ ਨਿਤਰਦਿਆ ਉੱਘੇ ਵਕੀਲ ਅਤੇ ਸਮਾਜਿਕ ਆਗੂ ਹੋਨਵੀਰ ਸਿੰਘ ਰੰਧਾਵਾ ਨੂੰ ਇਨਾਂ ਚੋਣਾਂ ਚ ਮੇਅਰ ਦੇ ਅਹੁਦੇ ਲਈ ਆਪਣਾ ਉਮੀਦਵਾਰ ਐਲਾਨਿਆ ਹੈ। ਹੋਨਵੀਰ ਸਿੰਘ ਰੰਧਾਵਾ ਦੀ ਉਮੀਦਵਾਰੀ ਦਾ ਰਸਮੀ



ਐਲਾਨ ਕਰਨ ਸਬੰਧੀ ਸਰੀ ਸਥਿਤ ਦ ਐਂਪਰੈਸ ਪੈਲੇਸ ਬਾਲਰੂਮ ਚ 29 ਮਾਰਚ ਸ਼ਾਮ ਨੂੰ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਜਾਵੇਗਾ। ਜਿਸ ਵਿੱਚ ਕੰਸਰਵੇਟਿਵ ਪਾਰਟੀ ਨਾਲ ਸੰਬੰਧਿਤ ਵੱਡੀ ਗਿਣਤੀ ਚ ਵਰਕਰਾਂ ਦੇ ਪਹੁੰਚਣ ਦਾ ਅਨੁਮਾਨ ਹੈ।






# ਵੀਜ਼ਾ ਫੀਸਾਂ ਵਿੱਚ ਵਾਧਾ - ਵਿਦਿਆਰਥੀਆਂ, ਮਜ਼ਦੂਰਾਂ ਤੇ ਪਰਿਵਾਰਾਂ ਲਈ ਬ੍ਰਿਟੇਨ ਆਉਣਾ ਹੋਰ ਹੋਵੇਗਾ ਮਹਿੰਗਾ

## ਇੰਡਿਅਨ ਵਰਕਰਜ਼ ਐਸੋਸੀਏਸ਼ਨ ਨੇ ਸਰਕਾਰ ਦੇ ਫੈਸਲੇ ਦੀ ਕੀਤੀ ਤਿੱਖੀ ਆਲੋਚਨਾ, ਫੈਸਲੇ ਤੇ ਮੁੜ ਵਿਚਾਰ ਕਰਨ ਦੀ ਕੀਤੀ ਅਪੀਲ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)–** ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਯੂਕੇ ਸਰਕਾਰ ਵੱਲੋਂ 8 ਅਪ੍ਰੈਲ ਤੋਂ ਇਮੀਗ੍ਰੇਸ਼ਨ ਅਤੇ ਵੀਜ਼ਾ ਫੀਸਾਂ ਵਿੱਚ ਕੀਤੇ ਜਾ ਰਹੇ ਵਾਧੇ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਫੈਸਲਾ ਪਰਵਾਸੀਆਂ, ਅੰਤਰਰਾਸ਼ਟਰੀ ਵਿਦਿਆਰਥੀਆਂ, ਮਜ਼ਦੂਰਾਂ ਅਤੇ ਪਰਿਵਾਰਾਂ ਲਈ ਵੱਡਾ ਝਟਕਾ ਹੈ। ਐਸੋਸੀਏਸ਼ਨ ਦਾ ਕਹਿਣਾ ਹੈ ਕਿ ਯੂਕੇ ਪਹਿਲਾਂ ਹੀ ਦੁਨੀਆ ਦੀਆਂ ਸਭ ਤੋਂ ਮਹਿੰਗੀਆਂ ਇਮੀਗ੍ਰੇਸ਼ਨ ਪ੍ਰਣਾਲੀਆਂ ਵਿੱਚੋਂ ਇੱਕ ਹੈ ਅਤੇ ਨਵੀਆਂ ਵਧੀਆਂ ਫੀਸਾਂ ਨਾਲ ਬ੍ਰਿਟੇਨ ਆਉਣ, ਪੜ੍ਹਨ, ਕੰਮ ਕਰਨ ਜਾਂ ਇੱਥੇ ਸੈਟਲ ਹੋਣ ਦੀ ਲਾਗਤ ਹੋਰ ਵੀ ਵਧ ਜਾਵੇਗੀ।ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਵੱਲੋਂ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਕਿ ਹੋਮ ਆਫਿਸ ਵੱਲੋਂ ਜਾਰੀ ਕੀਤੀ ਨਵੀਂ ਫੀਸ ਸੂਚੀ ਮੁਤਾਬਕ ਛੇ ਮਹੀਨੇ ਦੇ ਵਿਜ਼ਿਟ ਵੀਜ਼ੇ ਦੀ ਫੀਸ £127 ਤੋਂ ਵਧਾ ਕੇ £135 ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਦੋ ਸਾਲ ਦੇ ਵਿਜ਼ਿਟ ਵੀਜ਼ੇ ਦੀ ਫੀਸ £475 ਤੋਂ ਵਧਾ ਕੇ £506, ਪੰਜ ਸਾਲ ਦੇ ਵਿਜ਼ਿਟ ਵੀਜ਼ੇ ਦੀ £848 ਤੋਂ ਵਧਾ ਕੇ £903 ਅਤੇ ਦਸ ਸਾਲ ਦੇ ਵਿਜ਼ਿਟ ਵੀਜ਼ੇ ਦੀ ਫੀਸ £1,059 ਤੋਂ ਵਧਾ ਕੇ £1,128 ਕਰ ਦਿੱਤੀ ਗਈ ਹੈ। ਐਸੋਸੀਏਸ਼ਨ ਨੇ ਕਿਹਾ ਕਿ ਇਹ ਵਾਧਾ ਉਹਨਾਂ ਪਰਿਵਾਰਾਂ ਲਈ ਵੱਡੀ ਮੁਸ਼ਕਲ ਬਣੇਗਾ ਜੋ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਜਾਂ ਛੋਟੇ ਸਮੇਂ ਲਈ ਬ੍ਰਿਟੇਨ ਆਉਣਾ ਚਾਹੁੰਦੇ ਹਨ।

ਇਸ ਤੋਂ ਇਲਾਵਾ ਸਟੂਡੈਂਟ ਵੀਜ਼ੇ ਦੀ ਫੀਸ £524 ਤੋਂ ਵਧਾ ਕੇ £558 ਕਰ ਦਿੱਤੀ ਗਈ ਹੈ। ਐਸੋਸੀਏਸ਼ਨ ਨੇ ਕਿਹਾ ਕਿ ਯੂਕੇ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਨ ਲਈ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪਹਿਲਾਂ ਹੀ ਟਿਊਸ਼ਨ ਫੀਸਾਂ ਅਤੇ ਰਹਿਣ-ਸਹਿਣ ਦੇ ਖਰਚੇ ਕਾਫ਼ੀ ਉੱਚੇ ਹਨ ਅਤੇ ਹੁਣ ਵੀਜ਼ਾ ਫੀਸਾਂ ਵਿੱਚ ਵਾਧਾ ਹੋਣ ਨਾਲ ਇਹ ਬੋਝ ਹੋਰ ਵਧੇਗਾ। ਇਸ ਨਾਲ ਸੰਭਵ ਹੈ ਕਿ ਕਈ ਵਿਦਿਆਰਥੀ ਬ੍ਰਿਟੇਨ ਦੀ ਬਜਾਏ ਹੋਰ ਦੇਸ਼ਾਂ ਨੂੰ ਤਰਜੀਹ ਦੇਣ।

ਪ੍ਰੈਸ ਬਿਆਨ ਵਿੱਚ ਦੱਸਿਆ ਗਿਆ ਕਿ ਸਕਿਲਡ ਵਰਕਰ ਵੀਜ਼ੇ ਦੀ ਫੀਸ ਵੀ ਵਧਾਈ ਗਈ ਹੈ। ਤਿੰਨ ਸਾਲ ਤੱਕ ਦੀਆਂ ਅਰਜ਼ੀਆਂ ਲਈ ਫੀਸ £769 ਤੋਂ ਵਧਾ ਕੇ £819 ਅਤੇ ਤਿੰਨ ਸਾਲ ਤੋਂ ਵੱਧ ਸਮੇਂ ਲਈ ਫੀਸ £1,519 ਤੋਂ ਵਧਾ ਕੇ £1,618 ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਹੈਲਥ ਅਤੇ ਕੇਅਰ ਵੀਜ਼ੇ ਦੀ ਫੀਸ £304 ਤੋਂ ਵਧਾ ਕੇ £324 (ਤਿੰਨ ਸਾਲ ਤੱਕ) ਅਤੇ £590 ਤੋਂ ਵਧਾ ਕੇ £628 (ਤਿੰਨ ਸਾਲ ਤੋਂ ਵੱਧ) ਕਰ ਦਿੱਤੀ ਗਈ ਹੈ। ਟੈਂਪਰੇਰੀ ਵਰਕ, ਯੂਥ ਮੋਬਿਲਿਟੀ ਸਕੀਮ ਅਤੇ ਇੰਡੀਆ ਯੰਗ ਪ੍ਰੋਫੈਸ਼ਨਲ ਵੀਜ਼ੇ ਦੀ ਫੀਸ £319 ਤੋਂ ਵਧਾ ਕੇ £340 ਕਰ ਦਿੱਤੀ ਗਈ ਹੈ।


Sital Singh Gill, General Secretary of IWA (GB)

ਐਸੋਸੀਏਸ਼ਨ ਨੇ ਦੱਸਿਆ ਕਿ ਯੂਕੇ ਦੇ ਅੰਦਰ ਕੀਤੀਆਂ ਜਾਣ ਵਾਲੀਆਂ ਕਈ ਅਰਜ਼ੀਆਂ ਦੀਆਂ ਫੀਸਾਂ ਵਿੱਚ ਵੀ ਵਾਧਾ ਕੀਤਾ ਗਿਆ ਹੈ। ਵਿਜ਼ਟਰ ਐਕਸਟੈਂਸ਼ਨ ਦੀ ਫੀਸ £1,100 ਤੋਂ ਵਧਾ ਕੇ £1,172 ਕਰ ਦਿੱਤੀ ਗਈ ਹੈ, ਜਦਕਿ ਲੀਵ ਟੂ ਰਿਮੇਨ ਦੀ ਫੀਸ £1,321 ਤੋਂ ਵਧਾ ਕੇ £1,407 ਹੋ ਗਈ ਹੈ। ਇਸੇ ਤਰ੍ਹਾਂ ਇਨਡੈਫਿਨਿਟ ਲੀਵ ਟੂ ਰਿਮੇਨ (ਇਲ੍ਰ) ਦੀ ਫੀਸ £3,029 ਤੋਂ ਵਧਾ ਕੇ £3,226 ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਇਲੈਕਟ੍ਰਾਨਿਕ ਟ੍ਰੈਵਲ ਆਥਰਾਈਜ਼ੇਸ਼ਨ (ਓਠਅ) ਦੀ ਫੀਸ £16 ਤੋਂ ਵਧਾ ਕੇ £20 ਕਰ ਦਿੱਤੀ ਗਈ ਹੈ। ਪ੍ਰੈਸ ਬਿਆਨ ਵਿੱਚ ਇਹ ਵੀ ਦੱਸਿਆ ਗਿਆ ਕਿ ਨਾਗਰਿਕਤਾ ਨਾਲ ਸੰਬੰਧਿਤ ਫੀਸਾਂ ਵਿੱਚ ਵੀ ਵਾਧਾ ਕੀਤਾ ਗਿਆ ਹੈ। ਬ੍ਰਿਟਿਸ਼ ਨੈਚਰਲਾਈਜ਼ੇਸ਼ਨ ਦੀ ਫੀਸ £1,605 ਤੋਂ ਵਧਾ ਕੇ £1,709 ਕਰ ਦਿੱਤੀ ਗਈ ਹੈ। ਇਸਦੇ ਨਾਲ ਹੀ ਵੱਡੇ ਨਿਯੋਗਤਾਵਾਂ ਲਈ ਸਪਾਂਸਰ ਲਾਇਸੈਂਸ ਦੀ ਫੀਸ £1,579 ਤੋਂ ਵਧਾ ਕੇ £1,682 ਅਤੇ ਛੋਟੇ ਨਿਯੋਗਤਾਵਾਂ ਲਈ £574 ਤੋਂ ਵਧਾ ਕੇ £611 ਕਰ ਦਿੱਤੀ ਗਈ ਹੈ।

ਐਸੋਸੀਏਸ਼ਨ ਨੇ ਕਿਹਾ ਕਿ ਵੀਜ਼ਾ ਫੀਸਾਂ ਤੋਂ ਇਲਾਵਾ ਪਰਵਾਸੀਆਂ ਨੂੰ ਇਮੀਗ੍ਰੇਸ਼ਨ ਹੈਲਥ ਸਰਚਾਰਜ (IHS) ਅਤੇ ਹੋਰ ਕਈ ਪ੍ਰਸ਼ਾਸਨਿਕ ਖਰਚੇ ਵੀ ਦੇਣੇ ਪੈਂਦੇ ਹਨ, ਜਿਸ ਨਾਲ ਕੁੱਲ ਖਰਚਾ ਕਾਫ਼ੀ ਵੱਧ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਵਧ ਰਹੀਆਂ ਫੀਸਾਂ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਆਮ ਲੋਕਾਂ ਲਈ ਹੋਰ ਮੁਸ਼ਕਲ ਅਤੇ ਮਹਿੰਗਾ ਬਣਾ ਰਹੀਆਂ ਹਨ।

ਇੰਡਿਅਨ ਵਰਕਰਜ਼ ਐਸੋਸੀਏਸ਼ਨ ਨੇ ਕਿਹਾ ਕਿ ਇਹ ਵਧੀਆਂ ਫੀਸਾਂ ਦਰਸਾਉਂਦੀਆਂ ਹਨ ਕਿ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਸਿਰਫ਼ ਪ੍ਰਸ਼ਾਸਨਿਕ ਖਰਚੇ ਪੂਰੇ ਕਰਨ ਲਈ ਨਹੀਂ, ਸਗੋਂ ਸਰਕਾਰ ਵੱਲੋਂ ਆਮਦਨੀ ਇਕੱਠੀ ਕਰਨ ਦੇ ਇੱਕ ਸਾਧਨ ਵਜੋਂ ਵੀ ਵਰਤਿਆ ਜਾ ਰਿਹਾ ਹੈ। ਐਸੋਸੀਏਸ਼ਨ ਨੇ ਚੇਤਾਵਨੀ ਦਿੱਤੀ ਕਿ ਜੇ ਇਹ ਰੁਝਾਨ ਜਾਰੀ ਰਿਹਾ ਤਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਤੇ ਅਸਰ ਪੈ ਸਕਦਾ ਹੈ, ਜਿਸ ਨਾਲ ਬ੍ਰਿਟੇਨ ਦੀ ਉੱਚ ਸਿੱਖਿਆ ਪ੍ਰਣਾਲੀ ਅਤੇ ਅਰਥਵਿਵਸਥਾ ਨੂੰ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਕਈ ਯੂਨੀਵਰਸਿਟੀਆਂ ਦੀ ਆਮਦਨ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ।

ਇਸ ਦੇ ਨਾਲ ਹੀ ਐਸੋਸੀਏਸ਼ਨ ਨੇ ਕਿਹਾ ਕਿ ਹੈਲਥ ਕੇਅਰ, ਸੋਸ਼ਲ ਕੇਅਰ, ਇੰਜੀਨੀਅਰਿੰਗ ਅਤੇ ਟੈਕਨੋਲੋਜੀ ਵਰਗੇ ਕਈ ਖੇਤਰਾਂ ਵਿੱਚ ਬ੍ਰਿਟੇਨ ਦੀਆਂ ਸੰਸਥਾਵਾਂ ਵਿਦੇਸ਼ੀ ਕਰਮਚਾਰੀਆਂ 'ਤੇ ਨਿਰਭਰ ਹਨ। ਜੇ ਵੀਜ਼ਾ ਪ੍ਰਕਿਰਿਆ ਮਹਿੰਗੀ ਹੋਵੇਗੀ ਤਾਂ ਨਿਯੋਗਤਾਵਾਂ ਲਈ ਲੋੜੀਂਦਾ ਸਟਾਫ਼ ਲੱਭਣਾ ਹੋਰ ਔਖਾ ਹੋ ਸਕਦਾ ਹੈ।

ਐਸੋਸੀਏਸ਼ਨ ਨੇ ਇਹ ਵੀ ਕਿਹਾ ਕਿ ਪਰਿਵਾਰਕ ਵੀਜ਼ਿਆਂ, ਸੈਟਲਮੈਂਟ ਅਤੇ ਨਾਗਰਿਕਤਾ ਲਈ ਉੱਚੀਆਂ ਫੀਸਾਂ ਪਹਿਲਾਂ ਹੀ ਕਈ ਪਰਿਵਾਰਾਂ ਲਈ ਵੱਡੀ ਰੁਕਾਵਟ ਬਣੀਆਂ ਹੋਈਆਂ ਹਨ ਅਤੇ ਨਵੀਆਂ ਵਧੀਆਂ ਫੀਸਾਂ ਨਾਲ ਇਹ ਸਮੱਸਿਆ ਹੋਰ ਗੰਭੀਰ ਹੋ ਸਕਦੀ ਹੈ।

ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਪਰਵਾਸੀ, ਵਿਦਿਆਰਥੀ ਅਤੇ ਮਜ਼ਦੂਰ ਯੂਕੇ ਦੀ ਅਰਥਵਿਵਸਥਾ ਅਤੇ ਸਮਾਜ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਵੀਜ਼ਾ ਫੀਸਾਂ ਵਿੱਚ ਕੀਤੇ ਵਾਧੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਨਿਆਂਪੂਰਨ, ਪਾਰਦਰਸ਼ੀ ਅਤੇ ਲੋਕਾਂ ਲਈ ਪਹੁੰਚਯੋਗ ਬਣਾਉਣਾ ਚਾਹੀਦਾ ਹੈ ਤਾਂ ਜੋ ਬ੍ਰਿਟੇਨ ਵਿੱਚ ਪੜ੍ਹਨ, ਕੰਮ ਕਰਨ ਅਤੇ ਰਹਿਣ ਲਈ ਆਉਣ ਵਾਲੇ ਲੋਕਾਂ ਨੂੰ ਬੇਵਜਾ ਆਰਥਿਕ ਬੋਝ ਦਾ ਸਾਹਮਣਾ ਨਾ ਕਰਨਾ ਪਵੇ।

# ਬਾਬਾ ਸਾਹਿਬ ਡਾ. ਅੰਬੇਡਕਰ ਦਾ ਜਨਮ ਦਿਵਸ ਮੁੱਖ ਸਮਾਗਮ ਅੰਬੇਡਕਰ ਭਵਨ 'ਚ ਪ੍ਰੋ. ਅਨਵਰ ਪਾਸ਼ਾ ਹੋਣਗੇ ਮੁੱਖ ਮਹਿਮਾਨ ਅਤੇ ਕਾਮਰੇਡ ਮੰਗਤ ਰਾਮ ਪਾਸਲਾ ਮੁੱਖ ਬੁਲਾਰੇ



ਪ੍ਰਧਾਨ ਪ੍ਰੋ. ਬਲਬੀਰ ਅਤੇ ਸੁਸਾਇਟੀ ਦੇ ਪ੍ਰਮੁੱਖ ਅਹੁਦੇਦਾਰ ਮੀਡੀਆ ਨੂੰ ਜਾਣਕਾਰੀ ਪ੍ਰਦਾਨ ਕਰਦੇ ਹੋਏ।

**ਜਲੰਧਰ ( ਸਮਾਜ ਵੀਕਲੀ) :** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ 135ਵਾਂ ਜਨਮ ਉਤਸਵ ਸਮਾਗਮ ਬਾਬਾ ਸਾਹਿਬ ਦੀ ਚਰਨ-ਛੋਹ ਪ੍ਰਾਪਤ ਇਤਿਹ-ਾਸਿਕ ਭੂਮੀ ਅੰਬੇਡਕਰ ਭਵਨ, ਡਾ.ਅੰਬੇਡਕਰ ਮਾਰਗ, ਜਲੰਧਰ ਵਿਖੇ 14 ਅਪ੍ਰੈਲ ਨੂੰ ਬੜੇ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਪ੍ਰੋਫੈਸਰ ਅਨਵਰ ਪਾਸ਼ਾ - ਸਾਬਕਾ ਚੇਅਰਪਰਸਨ, ਭਾਰਤੀ ਭਾਸ਼ਾਵਾਂ ਕੇਂਦਰ, ਜੇ ਐਨ ਯੂ, ਨਵੀਂ ਦਿੱਲੀ ਬਤੌਰ ਮੁੱਖ ਮਹਿਮਾਨ ਪਹੁੰਚ ਰਹੇ ਹਨ ਅਤੇ ਕਾਮਰੇਡ ਮੰਗਤ ਰਾਮ ਪਾਸਲਾ - ਪ੍ਰਸਿੱਧ ਸਮਾਜਿਕ ਚਿੰਤਕ ਅਤੇ ਮਜ਼ਦੂਰ ਨੇਤਾ, ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਨਗੇ। ਇਨ੍ਹਾਂ ਤੋਂ ਇਲਾਵਾ ਡਾ. ਰਾਹੁਲ ਜੱਸੀ - ਚੇਅਰਮੈਨ, ਅੰਬੇਡਕਰ ਭਵਨ ਟਰੱਸਟ ਜਲੰਧਰ (ਰਜਿ.), ਸੰਨੀ ਥਾਪਰ - ਜਨਰਲ ਸਕੱਤਰ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ ਅਤੇ ਹੋਰ ਬੁੱਧੀਜੀਵੀ ਬੁਲਾਰੇ ਵੀ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਤੇ ਆਪਣੇ ਵਿਚਾਰ ਪੇਸ਼ ਕਰਨਗੇ। ਮਿਸ਼ਨਰੀ ਸਿੰਗਰ ਵਿੱਕੀ ਬਹਾਦਰਕੇ ਐਂਡ ਪਾਰਟੀ, ਲੁਧਿਆਣਾ ਬਾਬਾ ਸਾਹਿਬ ਦੇ ਮਿਸ਼ਨਰੀ ਗੀਤ ਪੇਸ਼ ਕਰਨਗੇ। ਯਾਦ ਰਹੇ ਅੰਬੇਡਕਰ ਮਿਸ਼ਨ ਸੁਸਾਇਟੀ 1978 ਤੋਂ ਲਗਾਤਾਰ ਅੰਬੇਡਕਰ ਭਵਨ ਵਿੱਚ ਅੰਬੇਡਕਰ ਜੈਅੰਤੀ ਸਮਾਗਮ ਮਨਾਉਂਦੀ ਆ ਰਹੀ ਹੈ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਪ੍ਰੋ. ਬਲਬੀਰ ਜੀ, ਮੁਖ-ਸਲਾਹਕਾਰ ਚਰਨ ਦਾਸ ਸੰਧੂ, ਸਰਪ੍ਰਸਤ ਡਾ. ਜੀ. ਸੀ. ਕੌਲ ਅਤੇ ਡਾ.ਮਹਿੰਦਰ ਸੰਧੂ ਹਾਜਰ ਸਨ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ**

## ਲਸਾੜਾ ਵਿਖੇ ਫਰੀ ਮੈਡੀਕਲ ਚੈੱਕਅਪ ਕੈਂਪ 28 ਨੂੰ

**ਫਿਲੌਰ/ਅੱਪਰਾ, (ਦੀਪਾ)-** ਕਰੀਬੀ ਪਿੰਡ ਲਸਾੜਾ ਵਿਖੇ ਟੱਚ ਆਫ ਕਲਰ (ਯੂ ਐਸ ਏ) ਤੇ ਐਮ ਜੇ ਕਲੀਨਿਕ (ਦਰੋਗਾ ਬਿਲਡਿੰਗ ਲਸਾੜਾ) ਸਟੂਡੈਂਟ ਵੈਲਫੇਅਰ ਤੇ ਚੈਰੀਟੇਬਲ ਟਰੱਸਟ ਲਸਾੜਾ ਵਲੋਂ ਫਰੀ ਮੈਡੀਕਲ ਚੈੱਕਅਪ ਕੈਂਪ ਮਿਤੀ 28 ਮਾਰਚ ਦਿਨ ਸ਼ਨੀਵਾਰ ਨੂੰ ਗੁਰੂਦੁਆਰਾ ਸਿੰਘ ਸਭਾ ਲਸਾੜਾ ਵਿਖੇ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਮੌਕੇ ਡਾਕਟਰ ਸੁਖਰਾਜ ਪਾਲ ਸਿੰਘ ਐਮ ਬੀ ਬੀ ਐਸ ਐਮ ਡੀ ਡੀ ਐਮ ਗੈਸਟਰੋ, ਡਾਕਟਰ ਵਿਸ਼ਾਲ ਚੌਧਰੀ ਜਨਰਲ ਬਿਮਾਰੀਆਂ ਤੇ ਮੈਡੀਸਨ ਮਾਹਿਰ ਤੇ ਡਾਕਟਰ ਬਲਕਾਰ ਸਿੰਘ ਕਜਲਾ ਐਮ ਬੀ ਬੀ ਐਸ ਤੇ ਜਨਰਲ ਬਿਮਾਰੀਆਂ ਦੇ ਮਾਹਿਰ ਮਰੀਜ਼ਾਂ ਦਾ ਚੈੱਕ ਅੱਪ ਕਰਕੇ ਫਰੀ ਦਵਾਈਆਂ ਦੇਣਗੇ।

## ਸੋਹਣੇ, ਸੁਨੱਖੇ ਮੁੰਡੇ

ਗੁਰਵਿੰਦਰ ਦੀ ਇਹ ਦਿਲੀ ਇੱਛਾ ਸੀ ਕਿ ਉਸ ਦਾ ਵਿਆਹ ਕਿਸੇ ਸੋਹਣੇ, ਸੁਨੱਖੇ ਮੁੰਡੇ ਨਾਲ ਹੋਵੇ। ਆਖਰ ਉਸ ਦੀ ਇਹ ਇੱਛਾ ਪੂਰੀ ਹੋ ਗਈ। ਉਸ ਦਾ ਵਿਆਹ ਕੁੱਲੇਵਾਲ ਪਿੰਡ ਵਿੱਚ ਸੋਹਣੇ, ਸੁਨੱਖੇ ਸ਼ਾਮ ਨਾਲ ਹੋ ਗਿਆ। ਉਸ ਨੇ ਸ਼ਾਮ ਦਾ ਘਰ ਬਾਰ ਦੇਖਣ ਦੀ ਵੀ ਲੋੜ ਨਹੀਂ ਸੀ ਸਮਝੀ। ਉਸ ਦਾ ਵਿਆਹ ਹੋਏ ਨੂੰ ਤਿੰਨ ਮਹੀਨੇ ਹੀ ਹੋਏ ਸਨ ਕਿ ਉਸ ਨੂੰ ਸ਼ਾਮ ਦੇ ਘਰ ਦੀ ਅਸਲੀਅਤ ਦਾ ਪਤਾ ਲੱਗ ਗਿਆ। ਸ਼ਾਮ ਆਪਣੇ ਵੱਡੇ ਭਰਾ ਅਤੇ ਛੋਟੇ ਭਰਾ ਨਾਲ ਮਿਲ ਕੇ ਕੰਮ ਕਰਦਾ ਸੀ। ਤਿੰਨਾਂ ਨੂੰ ਜੋ ਕੁੱਝ ਮਿਲਦਾ, ਉਹ ਵੱਡਾ ਭਰਾ ਰੱਖ ਲੈਂਦਾ ਤੇ ਅੱਗੇ ਆਪਣੀ ਪਤਨੀ ਨੂੰ ਦੇ ਦਿੰਦਾ। ਉਹ ਰੱਜ ਕੇ ਕੰਜੂਸ ਸੀ। ਉਹ ਨਿੱਤ ਵਰਤੋਂ ਦੀਆਂ ਚੀਜ਼ਾਂ ਲੈਣ ਨੂੰ ਵੀ ਪੈਸੇ ਨਹੀਂ ਸੀ ਦਿੰਦੀ। ਉਹ ਮੰਗਣ ਤੇ ਸ਼ਾਮ ਨੂੰ ਵੀ ਕੁੱਝ ਨਹੀਂ ਸੀ ਦਿੰਦੀ ਪਰ ਕਹਿੰਦਾ ਕੁੱਝ ਨਾ ਕਿਉਂਕਿ ਉਸ ਦਾ ਆਪਣਾ ਦਿਮਾਗ਼ ਕੰਮ ਨਹੀਂ ਸੀ ਕਰਦਾ। ਜੇ ਗੁਰਵਿੰਦਰ ਸ਼ਾਮ ਨੂੰ ਕੁੱਝ ਕਹਿੰਦੀ, ਤਾਂ ਉਹ ਜਾ ਕੇ ਆਪਣੀ ਵੱਡੀ ਭਰਜਾਈ ਨੂੰ ਦੱਸ ਦਿੰਦਾ। ਵੱਡੀ ਭਰਜਾਈ ਗੁਰਵਿੰਦਰ ਨੂੰ ਵੱਧ, ਘੱਟ ਬੋਲ ਕੇ ਚੁੱਪ ਕਰਾ ਦਿੰਦੀ। ਇਸ ਤਰ੍ਹਾਂ ਬਹੁਤਾ ਸਮਾਂ ਨਾ ਲੰਘਿਆ।ਗੁਰਵਿੰਦਰ ਆਪਣੇ ਪੇਕੇ ਆ ਕੇ ਆਪਣੀ ਮੰਮੀ ਕੋਲ ਰਹਿਣ ਲੱਗ ਪਈ।

ਅੱਜ ਜਦੋਂ ਗੁਰਵਿੰਦਰ ਦੀ ਭਾਣਜੀ ਮਨਜੀਤ ਦਾ ਫੋਨ ਆਇਆ ਕਿ ਉਸ ਦਾ ਰਿਸ਼ਤਾ ਸੋਹਣੇ, ਸੁਨੱਖੇ ਮੁੰਡੇ ਨਾਲ ਹੁੰਦਾ ਆ,ਤਾਂ ਉਸ ਨੇ ਮਨਜੀਤ ਨੂੰ ਝੱਟ ਆਖਿਆ, "ਮਨਜੀਤ ਮੁੰਡਿਆਂ ਦੇ ਰੰਗ, ਰੂਪ ਨ੍ਹੀ ਦੇਖੀਦੇ। ਸਗੋਂ ਕੰਮ, ਅਕਲ ਤੇ ਘਰ, ਬਾਰ ਦੇਖੀਦੇ ਆ। ਮੈਂ ਸੋਹਣੇ, ਸੁਨੱਖੇ ਨਾਲ ਵਿਆਹ ਕਰਵਾ ਕੇ ਪਛਤਾ ਰਹੀ ਆਂ। ਉਸ ਵੇਲੇ ਜੇਕਰ ਮੈਂ ਇਹ ਸਭ ਕੁੱਝ ਦੇਖਿਆ ਹੁੰਦਾ, ਤਾਂ ਅੱਜ ਪੇਕੀਂ ਨਾ ਬੈਠੀ ਹੁੰਦੀ।" ਮਨਜੀਤ ਨੂੰ ਗੱਲ ਸਮਝ ਆ ਗਈ ਤੇ ਉਸ ਨੇ ਗੁਰਵਿੰਦਰ ਦੀ ਹਾਂ ਵਿੱਚ ਹਾਂ ਮਿਲਾ ਕੇ ਫੋਨ ਬੰਦ ਕਰ ਦਿੱਤਾ।

**ਮਹਿੰਦਰ ਸਿੰਘ ਮਾਨ**

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com